


# ਮਹਿਕ-ਏ-ਵਤਨ

# Mehak E wattan

Monthly Newspaper



Hardev Brar
Chief Editor


• Vol-I • Issue-4 • Phone : +64,274-427-338, +64 09 3900004 • mehakewattan@gmail.com • September 2023




ਆਸਟ੍ਰੇਲੀਆ 'ਚ ਰਹਿਣ ਵਾਲੇ ਪੰਜਾਬੀਆਂ ਲਈ ਸਰਕਾਰ ਦਾ ਐਲਾਨ 4




8 ਜੋਗਿੰਦਰ ਸਿੰਘ ਮਤਵਾਲਾ



17 ਸਾਡੇ ਬਹਾਦਰ ਯੋਧਿਆਂ ਦੀ ਕਹਾਣੀ ਹੈ ਫ਼ਿਲਮ 'ਮਸਤਾਨੇ'






19 ਜਨਮ ਵੇਲੇ ਦੇ ਲੋਕਗੀਤ ਅਤੇ ਰਸਮਾਂ


# ਕੀ ਪ੍ਰਧਾਨ ਮੰਤਰੀ ਕ੍ਰਿਸ ਹਿਪਕਿਨਸ ਦੇਣਗੇ ਪਾਰਟੀ ਲੀਡਰ ਦੇ ਅਹੁਦੇ ਤੋਂ ਅਸਤੀਫਾ



ਆਕਲੈਂਡ- ਚੋਣਾਂ ਵਿੱਚ ਹਾਰ ਜਾਂ ਜਿੱਤ ਦਾ ਹਮੇਸ਼ਾਂ ਤੋਂ ਚੱਲਦੀ ਆਈ ਹੈ ਪਰ ਕਿ ਇਸ ਵਾਰ ਜੇਕਰ ਲੇਬਰ ਪਾਰਟੀ ਆਉਂਦੀਆਂ ਚੋਣਾਂ ਵਿੱਚ ਹਾਰਦੀ ਹੈ ਤਾਂ ਕੀ ਮੌਜੂਦਾ ਪ੍ਰਧਾਨ ਮੰਤਰੀ ਅਤੇ ਪਾਰਟੀ ਲੀਡਰ ਕ੍ਰਿਸ ਹਿਪਕਿਨਸ ਆਪਣੇ ਅਹੁਦੇ ਤੋਂ ਅਸਤੀਫਾ ਦੇਣਗੇ ਜਾਂ ਨਹੀਂ।ਇਸ ਬਾਰੇ ਅਜੇ ਕੁਝ ਵੀ ਨਹੀਂ ਪਤਾ ਲੱਗ ਸਕਿਆ ਹੈ।ਕਿਉਂਕਿ ਇਸ ਬਾਰੇ ਪ੍ਰਧਾਨ ਮੰਤਰੀ ਕ੍ਰਿਸ ਹਿਪਕਿਨਸ ਕੋਲੋਂ ਇੱਕ ਇੰਟਰਵਿਊ ਦੌਰਾਨ ਪੁੱਛਿਆ ਗਿਆ ਸੀ ਤਾਂ ਉਹਨਾਂ ਨੇ ਇਸ ਗੱਲ ਨੂੰ ਸਾਫ ਕਰ ਦਿੱਤਾ ਸੀ ਕਿ ਅਜੇ ਉਹਨਾਂ ਦਾ ਧਿਆਨ ਸਿਰਫ ਆਉਣ ਵਾਲੇ ਇਲੈਕਸ਼ਨ ਵਿੱਚ ਹੈ ਉਹ ਇਸ ਮੁੱਦੇ 'ਤੇ ਕੁਝ ਨਹੀ ਸੋਚ ਰਹੇ ਹਨ।ਉਹਨਾਂ ਨੇ ਇਹ ਵੀ ਕਿਹਾ ਕਿ ਉਹਨਾਂ ਦਾ ਇਸ ਬਾਰੇ ਕੋਈ ਵੀ ਪਲਾਨ ਨਹੀਂ ਹੈ ਕਿਉਕਿ ਉਹਨਾਂ ਨੂੰ ਪੂਰਾ ਵਿਸ਼ਵਾਸ ਹੈ ਕਿ ਇਹ ਇਲੈਕਸ਼ਨ ਉਹ ਜਰੂਰ ਜਿੱਤਣਗੇ।

# ਨਿਊਜ਼ੀਲੈਂਡ 'ਚ 16 ਸਾਲ ਦੇ ਬੱਚਿਆਂ ਨੂੰ ਮਿਲੇਗਾ ਵੋਟ ਦਾ ਅਧਿਕਾਰ

ਆਕਲੈਂਡ-ਨਿਊਜ਼ੀਲੈਂਡ ਸਰਕਾਰ ਨੇ 16 ਅਤੇ 17 ਸਾਲ ਦੇ ਬੱਚਿਆਂ ਨੂੰ ਸਥਾਨਕ ਚੋਣਾਂ 'ਚ ਵੋਟ ਦਾ ਅਧਿਕਾਰ ਦੇਣ ਲਈ ਸੰਸਦ 'ਚ ਇਕ ਬਿੱਲ ਪੇਸ਼ ਕੀਤਾ ਹੈ।ਇਹ ਬਿੱਲ ਨਿਊਜ਼ੀਲੈਂਡ ਦੀ ਸੁਪਰੀਮ ਕੋਰਟ ਦੇ ਇਤਿਹਾਸਕ ਫ਼ੈਸਲੇ ਤੋਂ 9 ਮਹੀਨੇ ਬਾਅਦ ਆਇਆ ਹੈ।ਇਸ ਸਮੇਂ ਨਿਊਜ਼ੀਲੈਂਡ ਵਿੱਚ ਵੋਟ ਪਾਉਣ ਦੀ ਉਮਰ 18 ਸਾਲ ਹੈ।ਇਸ ਬਿੱਲ 'ਤੇ ਸਰਕਾਰ ਨੂੰ ਜ਼ਬਰਦਸਤ ਸਮਰਥਨ ਮਿਲਿਆ ਹੈ।ਬਿੱਲ ਦੇ ਹੱਕ ਵਿੱਚ 74 ਵੋਟਾਂ ਪਈਆਂ, ਜੋ ਲੋੜੀਂਦੀਆਂ ਵੋਟਾਂ ਤੋਂ 30 ਵੱਧ ਹਨ।ਖੱਬੇ-ਪੱਖੀਆਂ ਸਮੇਤ ਕਈ ਪਾਰਟੀਆਂ ਨੇ ਇਸ ਬਿੱਲ ਦਾ ਸਮਰਥਨ ਕੀਤਾ ਹੈ।ਇਸ ਦੇ ਨਾਲ ਹੀ ਰਾਈਟ ਵਿੰਗ ਪਾਰਟੀ ਨੇ ਇਸ ਦਾ ਸਖ਼ਤ ਵਿਰੋਧ ਕੀਤਾ ਹੈ।

ਦੱਸ ਦੇਈਏ ਕਿ ਨਿਊਜ਼ੀਲੈਂਡ ਦੀ ਅਦਾਲਤ ਨੇ ਆਪਣੇ ਫ਼ੈਸਲੇ ਵਿੱਚ ਕਿਹਾ ਕਿ ਕਿਸ਼ੋਰਾਂ ਨੂੰ ਜਲਵਾਯੂ ਸੰਕਟ ਵਰਗੇ ਮੁੱਦਿਆਂ 'ਤੇ ਵੋਟ ਪਾਉਣ ਦੇ ਯੋਗ ਹੋਣਾ ਚਾਹੀਦਾ ਹੈ ਕਿਉਂਕਿ ਭਵਿੱਖ ਵਿੱਚ ਦੇਸ਼ ਦੀ ਲੀਡਰਸ਼ਿਪ ਉਨ੍ਹਾਂ ਅਤੇ ਉਨ੍ਹਾਂ ਦੇ ਭਵਿੱਖ ਨੂੰ ਪ੍ਰਭਾਵਿਤ ਕਰਨ ਵਾਲੇ ਫ਼ੈਸਲੇ ਲਵੇਗੀ, ਇਸ ਲਈ ਇਹ ਕਿਸ਼ੋਰ ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਅੱਲ੍ਹੜ ਉਮਰ ਦੀਆਂ ਕੁੜੀਆਂ ਕਿਸ ਨੂੰ ਵੋਟ ਪਾ ਰਹੀਆਂ ਹਨ, ਕਿਹੜੀਆਂ ਨੀਤੀਆਂ ਨੂੰ ਵੋਟ ਦੇ ਰਹੀਆਂ ਹਨ।ਸੁਪਰੀਮ ਕੋਰਟ ਨੇ ਇਕ ਇਤਿਹਾਸਕ ਫ਼ੈਸਲੇ ਵਿੱਚ ਕਿਹਾ ਕਿ ਮੌਜੂਦਾ 18 ਸਾਲ ਦੀ ਉਮਰ 'ਭੇਦਭਾਵਪੂਰਨ' ਹੈ ਅਤੇ ਨੌਜਵਾਨਾਂ ਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ।




ਹਾਲਾਂਕਿ, ਫਿਲਹਾਲ ਪ੍ਰਸਤਾਵ ਨੂੰ ਇਸ ਦੇ ਅੰਤਿਮ ਵਿਧਾਨਕ ਰੁਕਾਵਟਾਂ ਨੂੰ ਪਾਰ ਕਰਨ ਲਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।ਇਹ ਬਿੱਲ 18 ਸਾਲ ਤੋਂ ਘੱਟ ਉਮਰ ਦੇ ਲੋਕਾਂ ਨੂੰ ਰਾਸ਼ਟਰੀ ਚੋਣਾਂ ਵਿੱਚ ਵੋਟ ਪਾਉਣ ਦਾ ਅਧਿਕਾਰ ਨਹੀਂ ਦੇਵੇਗਾ।ਜੇਕਰ ਕਾਨੂੰਨ ਨੂੰ ਮਨਜ਼ੂਰੀ ਮਿਲ ਜਾਂਦੀ ਹੈ ਤਾਂ ਨਿਊਜ਼ੀਲੈਂਡ ਸਕਾਟਲੈਂਡ, ਵੇਲਜ਼, ਅਰਜਨਟੀਨਾ ਅਤੇ ਕਿਊਬਾ ਦੇ ਉਨ੍ਹਾਂ ਦੇਸ਼ਾਂ ਵਿੱਚ ਸ਼ਾਮਲ ਹੋ ਜਾਵੇਗਾ, ਜੋ 18 ਸਾਲ ਤੋਂ ਘੱਟ ਉਮਰ ਦੇ ਲੋਕਾਂ ਨੂੰ ਵੋਟ ਦਾ ਅਧਿਕਾਰ ਦਿੰਦੇ ਹਨ।

# ਗੁਰਦਾਸ ਮਾਨ ਦਾ ਲਾਇਵ ਸ਼ੋਅ ਇੱਕ ਯਾਦਗਾਰੀ ਸ਼ੋਅ ਹੋ ਨਿਬੜਿਆ

ਆਕਲੈਂਡ- ਨਿਊਜ਼ੀਲੈਂਡ ਦੇ ਆਕਲੈਂਡ ਸ਼ਹਿਰ 'ਚ 2 ਸਤੰਬਰ, 2023 ਨੂੰ ਜਗਤ ਪ੍ਰਸਿੱਧ ਪੰਜਾਬੀ ਗਾਇਕ, ਅਦਾਕਾਰ ਤੇ ਗੀਤਕਾਰ ਗੁਰਦਾਸ ਮਾਨ ਦਾ ਸ਼ੋਅ ਵੱਡੇ ਪੱਧਰ 'ਤੇ ਇੱਕ ਯਾਦਗਾਰੀ ਸ਼ੋਅ ਹੋ ਨਿਬੜਿਆ। ਜਿਸ ਦਾ ਆਯੋਜਨ ਰੀਅਲ ਐਸਟੇਟ ਕਾਰੋਬਾਰੀ ਤੇ ਜੇ. ਕੇ. ਸਟਾਰ ਪ੍ਰੋਡਕਸ਼ਨਜ਼ ਦੇ ਮੁੱਖ ਪ੍ਰਬੰਧਕ ਕਰਮ ਹੁੰਦਲ ਤੇ ਖੁਸ਼ ਵੜਿੰਗ ਵਲੋਂ ਕਰਵਾਇਆ ਗਿਆ ਸੀ।1ਸਤੰਬਰ, 2023 ਨੂੰ ਨਿਊਜ਼ੀਲੈਂਡ ਦੀ ਧਰਤੀ 'ਤੇ ਪਹੁੰਚਦਿਆਂ ਹੀ ਉਹ ਮੁੱਖ ਪ੍ਰਬੰਧਕਾਂ ਕਰਮ ਹੁੰਦਲ ਤੇ ਖੁਸ਼ ਵੜਿੰਗ ਨਾਲ ਸਭ ਤੋਂ ਪਹਿਲਾਂ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਟਾਕਾਨੀਨੀ ਵਿਖੇ ਗਏ।ਉਹਨਾਂ ਨੇ ਗੁਰੂ ਘਰ ਮੱਥਾ ਟੇਕਿਆ ,ਅਰਦਾਸ਼ ਕਰਵਾਈ ਅਤੇ ਆਪਣੇ ਹੋਣ ਵਾਲੇ ਲਾਈਵ ਸ਼ੋਅ ਲਈ ਅਸ਼ੀਰਵਾਦ ਲਿਆ।




ਗੁਰਦਾਸ ਮਾਨ ਦੇ ਸ਼ੋਅ 'ਚ 2 ਸਤੰਬਰ ਖੂਬ ਰੌਣਕਾਂ ਲੱਗੀਆਂ।ਮਹਿਕ ਏ ਵਤਨ ਦੇ ਸੰਪਾਦਕ ਨੇ ਹਰਦੇਵ ਬਰਾੜ ਨੇ ਕਰਮ ਹੁੰਦਲ ਤੇ ਖੁਸ਼ ਵੜਿੰਗ ਨੂੰ ਸ਼ੋਅ ਲਈ ਵਧਾਈਆਂ ਦਿੱਤੀਆਂ ਅਤੇ ਪ੍ਰੋਗਰਾਮ ਦਾ ਖੂਬ ਆਨੰਦ ਮਾਣਿਆ। ਦਰਸ਼ਕਾਂ ਵਿੱਚ ਇਸ ਸ਼ੋਅ ਨੂੰ ਲੈ ਕੇ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ।ਸ਼ੋਅ ਦਾ ਪ੍ਰਬੰਧ ਬਹੁਤ ਵਧਿਆ ਤਰੀਕੇ ਨਾਲ ਕੀਤਾ ਗਿਆ ਸੀ।ਸਾਊਂਡ ਸਿਸਟਮ ਤੋਂ ਲੈ ਕੇ ਦਰਸ਼ਕਾਂ ਦੇ ਖਾਣ-ਪੀਣ ਅਤੇ ਬੈਠਣ ਦਾ ਪ੍ਰਬੰਧ ਸਮੁੱਚੇ ਢੰਗ ਨਾਲ ਕੀਤਾ ਗਿਆ ਸੀ। ਗੁਰਦਾਸ ਮਾਨ ਦਾ ਇਹ ਲਾਇਵ ਸ਼ੋਅ ਸ਼ਾਤਮਈ ਢੰਗ ਨਾਲ ਹੋਇਆ।

ਦੱਸਣਯੋਗ ਹੈ ਕਿ ਗੁਰਦਾਸ ਮਾਨ ਨੂੰ ਪੰਜਾਬੀ ਸੰਗੀਤ ਜਗਤ ਦਾ ਥੰਮ੍ਹ ਮੰਨਿਆ ਜਾਂਦਾ ਹੈ।ਉਨ੍ਹਾਂ ਨੂੰ ਪੰਜਾਬੀ ਸੰਗੀਤ ਜਗਤ ਦਾ ਬਾਬਾ ਬੋਹੜ ਵੀ ਕਿਹਾ ਜਾਂਦਾ ਹੈ। ਉਨ੍ਹਾਂ ਪੰਜਾਬੀ ਇੰਡਸਟਰੀ ਨੂੰ ਕਈ ਯਾਦਗਰ ਗੀਤ ਦਿੱਤੇ ਹਨ।


MPS Surgery Ltd

Services Provided:
* Adult and child Medical Care
* Minor Accident Care
* Minor Surgery
* Repeat Prescriptions
* Lab results
* Liquid Nitrogen
* Immunisation
* Cervical Screening
* ECG
* Travel Advice/Immunisations
* Well Child/Tamariki Oral Health Checks - Birth to Three Years,
* Immigration Medicals for New Zealand.

General Practitioner - Dr. Mohinder Pal Singh
ਤੁਹਾਡੀ ਆਪਣੀ ਭਾਸ਼ਾ ਬੋਲਣ ਵਾਲੇ ਡਾਕਟਰ

44 Mason Avenue Otahuhu, Auckland 1062
Open : Monday - Friday
09:00 AM - 5:30 PM
(Last appointment of the day is taken half an hour before closing time.)
Phone No. : (09) 276 7111
Email Id: admin@mpssurgery.co.nz

# KARAKA AREA




469 m2 Corner site , in KARAKA
Hardev Brar 0274427338, 093900004



Rubal Singh

Ray White




No. 1
RAY WHITE MANUKAU
2020-2021

Rubal Singh
021 333 350
rubal.singh@raywhite.com

www.rubalsingh.co.nz




# ਸਬਰ

ਚਲ ਚਲੀਏ ਦਿਲਾਂ , ਕਿਸੇ ਓਸ ਜਗਾ,
ਜਿੱਥੇ ਸੱਖਣੀ ਜਿਹੀ ਕੋਈ ਥਾਂ ਹੋਵੇ
ਨਾ ਰੰਗ ਨਾ ਤਮਾਸ਼ੇ ਕੋਈ
ਬੱਸ ਬੋਹੜ ਦੀ ਠੰਡੜੀ ਛਾਂ ਹੋਵੇ
ਦਿਸੇ ਨਾ ਭੁੱਖਾ ਕੋਈ ਦੂਰ ਦੂਰ ਤੱਕ
ਹਰ ਬੱਚੇ ਕੋਲ ਉਹਦੀ ਮਾਂ ਹੋਵੇ।
ਕਿਤੇ ਭੁਖ ਤੇ ਕਿਤੇ ਭੁੱਖਮਰੀ,
ਮੰਜਰ ਅਜਿਹਾ ਕਿਸੇ ਨਾ ਗਰਾਂ ਹੋਵੇ।
ਕਿਤੇ ਚਾਦਰ ਉਤਰੇ ਮੁਰਦੇ ਤੋਂ
ਜਿੱਥੇ ਲਾਸ਼ਾਂ ਉਡੀਕਣ ਸੜਨ ਲਈ
ਨਾ ਅਜਿਹਾ ਕੋਈ ਸਮਾਂ ਹੋਵੇ।
ਧੀਆਂ ਪੁੱਤਰ ਜੇ ਚਾਹੁਣ ਤਾਂ
ਖਾਤਰ ਬਜ਼ੁਰਗਾਂ ਜਰੂਰ ਸਮਾਂ ਹੋਵੇ।
ਰਜ਼ਾ ਰੱਬ ਦੀ ਜੇ ਜਾਈਏ ਸਮਝ
ਅੱਧਵਾਟੇ ਕਦੇ ਨਾ ਫਨਾ ਹੋਈਏ।
ਹੱਕ ਸੱਚ ਦਾ ਜੇ ਕਿਤੇ, ਆ ਜੇ ਸਮਝ ਮੰਤਰ
ਨੀਂਵੇਂ ਸਿਰੋਂ, ਕਦੇ ਨਾ ਉਤਾਂਹ ਹੋਈਏ।
ਸਜਣੋ ਬੇਲੀਓ ਕਰ ਲਓ, ਪਿਆਰ ਦਿਹਾੜੇ ਚਾਰ
ਲੰਘ ਜਾਣ ਤੇ ਉਮਰ ਦੇ,ਸਿਰ ਸੁੱਟ ਫਿਰ ਕਦੇ ਨਾ ਰੋਈਏ।
ਤੀਰ ਛੱਡਣ ਤੋਂ ਪਹਿਲਾਂ, ਤੇ ਬੋਲ ਕੱਢਣ ਤੋਂ ਪਹਿਲਾਂ,
ਸੋਚਿਆ ਜੇ ਹੋਵੇ,, ਰੱਖ ਹੱਥ ਮਥੇ ,ਫਿਰ ਕਦੇ ਨਾ ਰੋਈਏ।
ਰਾਹ ਬੜੇ ਨੇ ਭਾਂਵੇਂ ਆਸਾਨ ਐਸੋ ਆਰਾਮ ਲਈ
ਖਾ ਕੇ ਹੱਕ ਹਲਾਲ ਦੀ,ਬੇਲੀਓ , ਕਦੇ ਨਾ ਫਨਾ ਹੋਈਏ।
ਚਾਬੀ ਸਾਰਿਆਂ ਸੂੱਖਾਂ ਦੀ ਆਪੇ ਮਿਲ ਜਾਂਦੀ
ਸਬੁਰ ,ਸਿਦਕ ਨਾਲ ,ਬੰਨਿਆ ਪੱਲੇ ਜੇ ,ਉਸਦਾ ਨਾਂ ਹੋਈਏ।

**ਨਰੇਸ਼ ਕੁਮਾਰੀ ਸ਼ਰਮਾ**
+02041755894


DH
SUPERMARKET



ਇੱਥੇ ਹਰ ਪ੍ਰਕਾਰ ਦੀ ਗਰੋਸਰੀ ਅਤੇ
ਤਾਜ਼ਾ ਸਬਜੀਆਂ ਮਿਲਦੀਆਂ ਹਨ।

PAPATOETOE
141 Kolmar Road, Papatoetoe

FLATBUSH
46 Ormiston Road, East Tāmaki

PAPAKURA
38 O'Shannessey Street, Papakura

# ਨੈਸ਼ਨਲ ਪਾਰਟੀ ਵੱਲੋਂ ਵਿਦੇਸ਼ੀ ਨਿਵੇਸ਼ਕਾਂ ਨੂੰ ਨਿਊਜ਼ੀਲੈਂਡ ਪ੍ਰਾਪਰਟੀ ਖਰੀਦਣ ਦੀ ਇਜਾਜ਼ਤ



ਆਕਲੈਂਡ- ਅਸੀਂ ਭਾਰਤ 'ਚ ਅਕਸਰ ਦੇਖਦੇ ਹੈ ਜਦੋਂ ਵੀ ਚੋਣਾਂ ਆਉਂਦੀਆਂ ਹਨ ਤਾਂ ਲੀਡਰਾਂ ਦੇ ਵੱਲੋਂ ਲੋਕਾਂ ਨਾਲ ਵੱਡੇ-ਵੱਡੇ ਵਾਅਦੇ ਕੀਤੇ ਜਾਂਦੇ ਹਨ। ਪਰ ਵਾਅਦੇ ਇਕੱਲੇ ਭਾਰਤ 'ਚ ਹੀ ਨਹੀਂ ਸੱਗੋਂ ਵਿਦੇਸ਼ਾ 'ਚ ਵੀ ਕੀਤੇ ਜਾਂਦੇ ਹਨ। ਦਰਅਸਲ ਅਸੀਂ ਗੱਲ ਕਰ ਰਹੇ ਹਾਂ ਨਿਊਜ਼ੀਲੈਂਡ ਦੀ ਹੀ। ਕਿਉਂਕ ਇੱਥੇ ਵੀ ਜਿਵੇਂ-ਜਿਵੇਂ ਵੋਟਾਂ ਨੇੜੇ ਆ ਰਹੀਆਂ ਨੇ ਪਾਰਟੀਆਂ ਨੇ ਓਦਾਂ ਓਦਾਂ ਲੋਕਾਂ ਨਾਲ ਵਾਅਦੇ ਕਰਨੇ ਸ਼ੁਰੂ ਕਰ ਦਿੱਤੇ ਹਨ। ਤਾਜ਼ਾ ਵਾਅਦਾ ਨੈਸ਼ਨਲ ਪਾਰਟੀ ਵੱਲੋਂ ਕੀਤਾ ਗਿਆ ਹੈ, ਸੱਤਾ 'ਚ ਆਉਣ 'ਤੇ ਨੈਸ਼ਨਲ ਪਾਰਟੀ ਨੇ ਨਿਰਮਾਣ ਸਮੱਗਰੀ ਨੂੰ ਸਸਤਾ ਕਰਨ ਅਤੇ ਵਿਦੇਸ਼ੀ ਨਿਵੇਸ਼ਕਾਂ ਨੂੰ ਨਿਊਜੀਲੈਂਡ ਵਿੱਚ $2 ਮਿਲੀਅਨ ਤੋਂ ਵਧੇਰੇ ਮੁੱਲ ਦੀ ਪ੍ਰਾਪਰਟੀ ਖ੍ਰੀਦਣ ਦੀ ਇਜਾਜਤ ਦੇਣ ਦਾ ਐਲਾਨ ਕੀਤਾ ਹੈ। ਇਸ ਦੇ ਨਾਲ ਹੀ ਇੱਕ ਸ਼ਰਤ ਵੀ ਰੱਖੀ ਗਈ ਹੈ ਕਿ ਨਿਊਜੀਲੈਂਡ ਸਰਕਾਰ ਨੂੰ 15% ਟੈਕਸ ਦੇਣਾ ਪਏਗਾ।

ਇਸ ਦੇ ਨਾਲ ਹੀ ਪਾਰਟੀ ਦੇ ਬਿਲਡਿੰਗ ਅਤੇ ਕੰਸਟਰੱਕਸ਼ਨ ਦੇ ਬੁਲਾਰੇ ਐਂਡਰਿਊ ਬੇਅਲੀ ਨੇ ਬੀਤੇ ਦਿਨ ਕਿਹਾ ਕਿ ਬਹੁਤ ਜ਼ਿਆਦਾ ਨਿਯਮ, ਵਰਕਰਾਂ ਦੀ ਘਾਟ ਅਤੇ ਵਿਘਨ ਵਾਲੀ ਸਪਲਾਈ ਚੇਨ ਵੱਡੀਆਂ ਉਤਪਾਦਕਤਾ ਚੁਣੌਤੀਆਂ ਦਾ ਕਾਰਣ ਬਣ ਰਹੀਆਂ ਹਨ। ਨੈਸ਼ਨਲ ਨੇ ਅਪ੍ਰੈਂਟਿਸਸ਼ਿਪਾਂ ਅਤੇ ਉਚਿੱਤ ਇਮੀਗ੍ਰੇਸ਼ਨ ਸੈਟਿੰਗਾਂ ਦੇ ਰਾਹੀ ਹੁਨਰਮੰਦ ਉਸਾਰੀ ਕਾਮਿਆਂ ਤੱਕ ਪਹੁੰਚ ਦਾ ਸਮਰਥਨ ਕਰਨ ਦਾ ਵਾਅਦਾ ਕੀਤਾ ਹੈ। ਉੱਥੇ ਹੀ ਕੁੱਝ ਰਿਪੋਰਟਾਂ ਦੇ ਵਿੱਚ ਕਿਹਾ ਗਿਆ ਹੈ ਕਿ ਇਸ ਖਬਰ ਮਗਰੋਂ ਦੁਨੀਆਂ ਭਰ ਦੇ ਨਿਵੇਸ਼ਕਾਂ ਨੇ ਨਿਊਜੀਲੈਂਡ ਦੀਆਂ ਰੀਅਲ ਅਸਟੇਟ ਕੰਪਨੀਆਂ ਨਾਲ ਰਾਬਤਾ ਕਾਇਮ ਕਰਨਾ ਵੀ ਸ਼ੁਰੂ ਕਰ ਦਿੱਤਾ ਗਿਆ ਹੈ।







Mehak E Wattan
Monthly Newspaper

•Issue-4 • September 2023
•mehakewattan@gmail.com

## Mehak-E-Wattan Team

**Chief Editor:**
**Hardev Singh Brar**
+64274427338
+64093900004
mehakewattan@gmail.com

**Associate Editor:**
**Jaswinder Kaur Brar**
+64212558338
brarnz@gmail.com

**All Representatives :**
**Gurdeep Singh (Kala Brar)**
+64222786226
kalabrar@gmail.com

**Hardev Mahinangal**
+00642102612568

**Jatinder Brar (Australia)**
+61421370020
jatinderjitbrar@yahoo.com.au

**Sukhkiran Gill. (U.S.A)**
+1 4803492641

**Jasvir. Singh Dhillon. (Germany)**
+491776742031

**Manjit Gill (CANADA)**
+1 4166691379

**Editor from India:**
**Jatinder Panjtoori**
+91 9914109949
Jatindernz@hotmail.com

**Designer & Reporter from Punjab, India:**
**Jaspreet Kaur, Barnala**

**Disclaimer**
Mehak-E-Wattan, LLC is not responsible for any claims made by advertisers nor does it endorse any product or services advertised in the paper. For concerns or questions related to these advertisements, please contact the business directly.

Mehak-E-Wattan, LLC also does not endorse any views presented by volunteer writers. Those views are solely of the author and bear no indication to the views of Mehak-E-Wattan.

**For sale inquiries:**
mehakewattan@gmail.com

**For additional inquires/comments:**
mehakewattan@gmail.com

## ਜੀਵਨ ਇਤਿਹਾਸ

# ਅਕਾਲੀ ਫੂਲਾ ਸਿੰਘ

**ਲੇਖਕ: ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ**

---------------------------

### ਅਕਾਲੀ ਜੀ ਦੀ ਪਹਿਲੀ ਵਿਥਿਆ

ਕੱਲਰ ਵਿੱਚ ਕੰਵਲ ਦਾ ਉਪਜ ਪੈਣਾ ਇੱਕ ਅਚੰਭੇ ਵਾਲੀ ਗੱਲ ਹੈ, ਪਰ ਲਾਲ ਸਦਾ ਲੁੱਕੇ ਛਿਪੇ ਪਰਬਤਾਂ ਵਿੱਚੋਂ ਹੀ ਨਿਕਲਦੇ ਹਨ। ਜਿਵੇਂ ਅਪਰਸ ਬਿਦੇਹ ਸਾਈਂ ਲੋਕ ਨਿਰਜਨ ਥਾਵਾਂ ਵਿਖੇ ਹੀ ਆਪਣੇ ਪਿਆਰੇ ਦੇ ਪਿਆਰ ਵਿੱਚ ਸੁੱਖ ਮਾਣਦੇ ਹਨ, ਤਿਵੇਂ ਧਰਮਾਤਮਾ, ਸੁਧਾਰਕ ਤੇ ਮਹਾਂ ਪੁਰਖ ਵੀ ਆਪਣੇ ਜਨਮ ਦੀਆਂ ਥਾਵਾਂ ਕਿਨਾਰੇ ਤੇ ਇੱਕਲਵੰਜੇ ਪਈਆਂ ਧਰਤੀਆਂ ਵਿੱਚ ਹੀ ਬਣਾਉਂਦੇ ਹਨ।

'ਸ਼ੀਹਾਂ' ਕੀ ਨਾਮ ਹੈ ਤੇ ਕੀ ਗ੍ਰਾਮ ਹੈ। ਪਾਠਕਾਂ ਵਿੱਚੋਂ ਸ਼ਾਇਦ ਹੀ ਕਿਸੇ ਕਦੇ ਸੁਣਿਆ ਹੋਊ, ਪਰ ਸਾਡੀ ਪੁਸਤਕ ਦਾ ਕਲਾਧਾਰੀ ਬਾਬਾ ਫੂਲਾ ਸਿੰਘ ਜੀ ਇਸੇ ਗੁੰਮਨਾਮ ਪਿੰਡ ਦਾ ਸੁਭਾਗਯ ਫਲ ਸੀ।

'ਸ਼ੀਹੇਂ' ਨੇ ਸੱਚ ਮੁੱਚ ਆਪਣੇ ਨਾਮ ਨੂੰ ਸਫਲ ਕਰ ਵਿਖਾਇਆ ਤੇ 'ਅਕਾਲੀ' ਫੂਲਾ ਸਿੰਘ ਜੀ ਵਰਗਾ ਬੀਰ ਬਹਾਦਰ ਸ਼ੀਂਹ ਪੈਦਾ ਕਰ ਦਿੱਤਾ, ਜਿਸ ਨੇ ਇਕ ਸ਼ੀਂਹ ਕੀ, ਹਜ਼ਾਰਾ ਬੇਜ਼ਬਾਨ ਗਿੱਦੜਾਂ ਵਿੱਚ ਜੀਵਨ-ਸ਼ਕਤੀ ਭਰ ਕੇ ਪੂਰੇ ਸ਼ੀਂਹ ਬਣਾ ਦਿੱਤੇ ਤੇ ਆਪਣੇ 'ਅਕਾਲੀ' ਨਾਮ ਨੂੰ ਸਿੱਖ ਇਤਿਹਾਸ ਵਿਚ ਸਦਾ ਲਈ ਕਾਲ ਰਹਿਤ ਬਣਾ ਗਿਆ।



ਇਲਾਕਾ ਬਾਂਗਰ ਦੇ ਛੋਟੇ ਜਿਹੇ ਪਿੰਡ ਸ਼ੀਹਾਂ[1] ਦੇ ਇਕ ਸਾਧਾਰਨ ਘਰ ਵਿੱਚ ਅੱਧਖੜ ਅਵਸਥਾ ਦਾ ਇੱਕ ਸਿੰਘ ਭਾਈ ਈਸ਼ਰ ਸਰਾਉ ਸਿੰਘ ਨਾਮ ਕਰ ਕੇ ਗੁਰਬਾਣੀ ਦੀ ਰੰਗਣ ਵਿੱਚ ਰਤਾ ਆਪਣੀ ਜ਼ਿੰਦਗੀ ਦੇ ਦਿਨ ਬਿਤਾ ਰਿਹਾ ਸੀ। ਉਸ ਦਾ ਨਾਮ ਨਿਸ਼ਕਾਮ ਸੇਵਾ ਤੇ ਵੰਡ ਛੱਕਣ ਆਦਿ ਉੱਚ ਗੁਣਾਂ ਦੇ ਕਾਰਨ ਆਪਣੇ ਪਿੰਡ ਤੋਂ ਛੁੱਟ ਸਾਰੇ ਪਰਗਣੇ ਵਿਚ ਉੱਘਾ ਹੋ ਗਿਆ ਸੀ। ਨਿਸ਼ਾਨਾ ਵਾਲੀ ਮਿਸਲ ਨਾਲ ਸੰਬੰਧਤ ਹੋਣ ਕਰਕੇ ਪੰਥ ਦੀ ਲੋੜ ਅਨੁਸਾਰ ਉਸ ਨੂੰ ਕਈ ਸੰਗਰਾਮਾਂ ਵਿੱਚ ਆਪਣੇ ਬਾਹੂਬਲ ਦਾ ਜ਼ੋਰ ਦਿਖਾਉਣਾ ਪਿਆ। ਸ਼ੁਭ ਭਾਗਾਂ ਨਾਲ ਆਪ ਨੂੰ ਅਰਧੰਗੀ ਭੀ ਐਸੀ ਮਿਲੀ ਜੇਹੀ ਕਿ ਕਿਸੇ ਪੂਰਨ ਸਿੱਖ ਘਰਾਣੇ ਲਈ ਸੋਭਦੀ ਹੈ[2]। ਇਸ ਤਰ੍ਹਾਂ ਪੰਥ ਸੇਵਾ ਕਰਦਿਆਂ ਇਹ ਸੁਭਾਗ ਜੋੜੇ ਦੇ ਦਿਨ ਬੜੇ ਅਨੰਦ ਪੂਰਬਕ ਲੰਘ ਰਹੇ ਸਨ ਕਿ ਕਰਤਾਰ ਨੇ ਇਕ ਪੁੱਤਰ ਦਿੱਤਾ ਜਿਸ ਦਾ ਨਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮ ਅਨੁਸਾਰ ਸਤਿਗੁਰੂ ਜੀ ਦੀ ਸੰਗਤ ਨੇ 'ਫੂਲਾ ਸਿੰਘ' ਰੱਖਿਆ।[3]

'ਫੂਲਾ ਸਿੰਘ' ਨੂੰ ਜਨਮੇ ਅਜੇ ਸਾਲ ਹੀ ਬੀਤਿਆ ਸੀ ਕਿ ਅਹਿਮਦ ਸ਼ਾਹ ਅਬਦਾਲੀ ਦੇ ਛੇਵੇ ਹੱਲੇ[4] ਦੀ ਖ਼ਬਰ- ਜੋ ਉਸ ਨੇ ਨਿਰੋਲ ਸਿੱਖਾਂ ਦਾ ਖੁਰਾਖੋਜ ਮਿਟਾਉਣ ਲਈ ਕੀਤਾ ਸੀ-ਸਾਰੇ ਪੰਜਾਬ ਵਿੱਚ ਜੰਗਲ ਦੀ ਅੱਗ ਦੀ ਤਰ੍ਹਾਂ ਮੂੰਹ ਉੱਡ ਨਿਕਲੀ। ਪੰਜਾਬ ਵਿੱਚ ਪਹੁੰਚਦਿਆਂ ਹੀ ਇਸ ਨੇ ਸਿੱਖਾਂ ਪਰ ਅਤਿ ਦਾ ਕਹਿਰ ਵਰਤਾਣਾ ਅਰੰਭ ਦਿੱਤਾ।[5] ਇੱਧਰ ਸਿੱਖ ਭੀ ਜੋ ਦੁਰਾਨੀ ਲੁਟੇਰੇ ਦੀ ਹਰ ਇੱਕ ਚਾਲ ਨੂੰ ਲਹੂ ਭਰੀਆਂ ਅੱਖਾ ਨਾਲ ਦੇਖ ਰਹੇ ਸਨ, ਕਦ ਬੇਚਿੰਤ ਬੈਠ ਸਕਦੇ ਹਨ? ਉਸੀ ਵਕਤ ਪਿੰਡ-ਪਿੰਡ ਤੇ ਜੱਥੇ-ਜੱਥੇ ਵਿੱਚ ਹੁਕਮਨਾਮੇ ਫੇਰ ਦਿੱਤੇ ਗਏ ਤੇ 'ਗੁਰਮਤਾ' ਸੋਧਿਆ ਗਿਆ ਕਿ ਖਾਲਸੇ ਦਾ ਦਲ ਸਤਿਲੁਜੋਂ ਪਾਰ ਜਗਰਾਵਾਂ ਦੇ ਲਾਗੇ ਤਾਗੇ ਜਮ੍ਹਾਂ ਹੋਕੇ ਵੈਰੀ ਨਾਲ ਜੰਗ ਛੇੜ ਦੇਵੇ ਤੇ ਇਸ ਨੂੰ ਆਪਣੇ ਮਗਰ ਧਰੀਕਦੇ ਹੋਏ ਮਾਲਵੇ ਦੇ ਪਾਣੀ ਵਿਹੂਣੇ ਮਾਰੂਥਲਾਂ ਵਿਚ ਲੈ ਵੜੇ। ਜਿੱਥੇ ਪਹੁੰਚ ਕੇ ਇਨ੍ਹਾਂ ਬਰਫ਼ਾਨੀ ਸਿਪਾਹੀਆਂ ਨੂੰ ਉਹ ਹੱਥ ਦੱਸੇ ਜਾਣ ਕਿ ਮੁੜ ਪੰਜਾਬ ਦਾ ਨਾਮ ਭੁੱਲ ਕੇ ਵੀ ਨਾ ਲੈਣ। ਇਹ ਸਾਰੇ ਸਮਾਚਾਰ ਲਿਖਣ ਲਈ ਇੱਕ ਪੁਸਤਕ ਦੀ ਲੋੜ ਹੈ। ਅਸੀਂ ਇੱਥੇ ਕੇਵਲ ਉਨ੍ਹਾਂ ਹੀ ਲਿਖਦੇ ਹਾਂ ਜਿੰਨਾ ਕੁ ਇਸ ਪੁਸਤਕ ਨਾਲ ਸੰਬੰਧ ਰੱਖਦਾ ਹੈ।

ਇਸ ਸਮੇਂ ਹੋਰਨਾਂ ਮਿਸਲਾਂ ਦੇ ਨਾਲ-ਨਾਲ ਨਿਸ਼ਾਨ ਵਾਲੀ ਮਿਸਲ ਨੇ ਵੱਧ ਚੜ੍ਹਕੇ ਵੈਰੀ ਦਾ ਟਾਕਰਾ ਕੀਤਾ, ਜਿਨ੍ਹਾਂ ਵਿੱਚੋਂ ਅੱਧ ਤੋਂ ਵੱਧ ਸਿੰਘ ਰਣਭੂਮੀ ਵਿਚ ਸ਼ਹੀਦ ਯਾ ਫੱਟੜ ਹੋਏ। ਇਨ੍ਹਾਂ ਫੱਟੜਾਂ ਵਿੱਚ ਭਾਈ ਈਸ਼ਰ ਸਿੰਘ ਵੀ ਸੀ, ਜਿਸ ਨੂੰ ਇਕ ਕਾਰੀ ਫੱਟ ਲੱਗਾ ਸੀ, ਜਿਸ ਕਰਕੇ ਜੱਥੇ ਨਾਲ ਅੱਗੇ ਨਾ ਵੱਧ ਸਕਿਆ।[6] ਦੂਜੇ ਦਿਨ ਜਦ ਇਹ ਵਾ ਵਰੋਲਾ ਘਟਿਆ ਤਾਂ ਨਿਯਮ ਅਨੁਸਾਰ ਕੁਝ ਕੁ ਸਿੰਘਾਂ ਨ ਰਾਤੋ-ਰਾਤ ਮੈਦਾਨ ਵਿੱਚੋਂ ਜਖ਼ਮੀ ਸਿੰਘਾਂ ਨੂੰ ਚੁੱਕ ਕੇ ਇਕੱਲਵੰਜੇ ਨਵੇਕਲੀ ਥਾਂ ਪਾ ਦਿੱਤਾ ਤੇ ਇੱਥੋਂ ਫੇਰ ਜਿੱਥੋਂ-ਜਿੱਥੋਂ ਦਾ ਕੋਈ ਸੀ, ਉਨ੍ਹਾਂ ਸਭਨਾਂ ਨੂੰ ਘਰੋ ਘਰੀ ਪਹੁੰਚਾਣੇ ਦਾ ਪ੍ਰਬੰਧ ਕੀਤਾ ਗਿਆ। ਇਸ ਤਰ੍ਹਾਂ ਈਸ਼ਰ ਸਿੰਘ ਭੀ ਆਪਣੇ ਇਲਾਕੇ ਦੇ ਹੋਰਨਾਂ ਸਿੰਘਾਂ ਨਾਲ ਆਪਣੇ ਪਿੰਡ ਪਹੁੰਚਾਇਆ ਗਿਆ, ਜਿੱਥੇ ਇਸ ਦਾ ਫੱਟ ਸੀਊਂ ਕੇ ਇਲਾਜ ਹੁੰਦਾ ਰਿਹਾ।

ਇਨ੍ਹਾਂ ਦਿਨ੍ਹਾਂ ਵਿਚ ਸਤਿਗੁਰੂ ਨੇ ਈਸ਼ਰ ਸਿੰਘ ਨੂੰ ਇੱਕ ਹੋਰ ਭੁਜੰਗੀ ਦਿੱਤਾ, ਜਿਸ ਦਾ ਨਾਮ ਸੰਤ ਸਿੰਘ ਰੱਖਿਆ। ਭਾਈ ਈਸ਼ਰ ਸਿੰਘ ਦੇ ਫੱਟ ਪਹਿਲੇ ਤਾਂ ਕੁੱਝ ਡਰਾਵਣੇ ਨਹੀਂ ਸਨ, ਪਰ ਸਮੇਂ ਸਿਰ ਕਿਸੇ ਲਾਇਕ ਫੱਟ-ਬੰਨ੍ਹ ਦੇ ਨਾ ਪਹੁੰਚਣ ਕਰਕੇ ਉਹ ਅੱਲੇ ਜਖ਼ਮ ਵਿਗੜ ਕੇ ਜ਼ਹਿਰੀਲੇ ਹੋ ਗਏ, ਜਿਸ ਕਰਕੇ ਭਾਈ ਜੀ ਦੀ ਹਾਲਤ ਖ਼ਤਰੇ ਵਾਲੀ ਹੋ ਗਈ ਤੇ ਜਦ ਉਨ੍ਹਾਂ ਆਪਣਾਂ ਹਾਲ ਨਾਜ਼ਕ ਡਿੱਠਾ ਤਾਂ ਆਪਣੇ ਸਤਸੰਗੀ ਬਾਬਾ ਨਰੈਣ ਸਿੰਘ[7] ਜੀ ਅਕਾਲੀ ਨੂੰ-ਜੋ ਸ਼ਹੀਦਾਂ ਦੀ ਮਿਸਲ ਦੇ ਉੱਘੇ ਸੇਵਕ ਸਨ-ਆਪਣੇ ਕੋਲ ਸਦਵਾ ਕੇ ਆਪਣੇ ਭੁਜੰਗੀ ਦਾ ਹੱਥ ਉਸ ਦੇ ਹੱਥ ਸੌਂਪ ਕੇ ਆਖਿਆ ਕਿ ਜੇ ਇਸ ਬੱਚੇ ਸਤਿਗੁਰੂ ਜੀ ਨੇ ਆਯੂ ਬਖ਼ਸ਼ੀ ਤਾਂ ਇਸ ਨੂੰ ਆਪਣਾ ਬੱਚਾ ਜਾਣ ਕੇ ਐਸਾ ਤਿਆਰ ਕਰਨਾ ਕਿ ਇਹ ਪੂਰਾ-ਪੂਰਾ ਪੰਥ ਸੇਵਕ ਬਣ ਸਕੇ।

**ਬਾਲ ਅਵਸਥਾ**

ਫੂਲਾ ਸਿੰਘ ਦੀ ਬਾਲ ਅਵਸਥਾ ਦੇ ਜਿੰਨੇ ਕੁ ਸਮਾਚਾਰ ਅਸਾਂ ਨੂੰ ਮਾਲੂਮ ਹੋ ਸਕੇ ਹਨ ਉਹ ਇਸ ਯੋਗ ਜਾਪਦੇ ਹਨ ਕਿ ਉਨ੍ਹਾਂ ਨੂੰ ਕਲਮ ਦੇ ਹਵਾਲੇ ਕੀਤਾ ਜਾਵੇ, ਤਾਂਕਿ ਉਹ ਸਾਡੇ ਇਤਿਹਾਸ ਦਾ ਕਿਸੇ ਸਮੇਂ ਇੱਕ ਅੰਗ ਬਣਨ ਦਾ ਮਾਣ ਪਾ ਸਕਣ। ਕੁਦਰਤ ਨੇ ਬਚਪਨ ਵਿਚ ਹੀ ਵਿਲੱਖਣ ਦਿਲ ਤੇ ਤੀਖਣ ਬੁੱਧੀ ਬਖ਼ਸ਼ੀ ਸੀ, ਜੋ ਬਹੁਤ ਘੱਟ ਆਮ ਬੱਚਿਆਂ ਵਿੱਚ ਪਾਈ ਜਾਂਦੀ ਹੈ। ਉਸ ਨੇ ਦਸ ਵਰ੍ਹਿਆਂ ਦੀ ਉਮਰ ਵਿੱਚ ਹੀ ਆਪਣੀ ਧਰਮੀ ਮਾਂ ਤੇ ਬਾਬਾ ਨਰੈਣ ਸਿੰਘ ਦੀ ਸੌਂਪਣੀ ਵਿੱਚ ਨਿਤਨੇਮ ਦੀਆਂ ਬਾਣੀਆਂ ਤੋਂ ਛੁੱਟ ਸਾਰੀ ਅਕਾਲ ਉਸਤਤਿ, 33 ਸਵੱਯੇ ਤੇ ਹੋਰ ਬਹੁਤ ਸਾਰੀਆਂ ਸ੍ਰੀ ਮੁਖਵਾਕ ਬਾਣੀਆ ਕੰਠ ਕਰ ਲਈਆ ਸਨ। ਇਸ ਉਮਰ ਵਿੱਚ ਜਿਨ੍ਹਾਂ ਨੇ ਉਸ ਨੂੰ ਦੇਖਿਆ, ਕਹਿੰਦੇ ਸਨ ਕਿ ਉਸਦੇ ਸੀਨੇ ਵਿੱਚ ਨਿੱਕੇ ਹੁੰਦਿਆਂ ਹੀ ਅਲੋਕਿਕ ਧਾਰਮਿਕ ਜੋਤ, ਬੇ-ਧੜਕ ਤੇ ਨਿਡਰ ਦਿਲ ਹੁਲਾਰੇ ਲੈਂਦਾ ਸੀ। ਦ੍ਰਿੜਤਾ ਐਸੀ ਸੀ ਕਿ ਜਦ ਸੰਥਾ ਲੈਣੀ, ਜਿੱਥੋ ਤੀਕ ਕੰਠ ਨਾ ਹੋ ਜਾਏ, ਖਾਣ ਪੀਣ ਲਈ ਸੰਕਲਪ ਤੱਕ ਨਹੀ ਉਪਜਦਾ। ਇਨ੍ਹਾਂ ਸਾਰੇ ਗੁਣਾਂ ਦੇ ਨਾਲ-ਨਾਲ ਗੁਰਬਾਣੀ ਦਾ ਪਿਆਰ ਉਸ ਦੇ ਅੰਦਰ ਇੰਨਾਂ ਭਰਿਆ ਪਿਆ ਸੀ ਕਿ ਇਸ ਖੇਡ ਕੁੱਦ ਦੀ ਅਲਬੇਲੀ ਅਵਸਥਾ ਵਿੱਚ ਜਦ ਕਦੇ ਉਹ ਕਿਸੇ ਨੂੰ ਮਿਲਿਆ, ਗੁਰਬਾਣੀ ਪੜ੍ਹਦਾ ਹੀ ਦਿੱਸਦਾ।

ਜਦ ਫੂਲਾ ਸਿੰਘ ਧਾਰਿਮਕ ਵਿੱਦਿਆ ਵਿੱਚ ਚੰਗਾ ਨਿਪੁੰਨ ਹੋ ਗਿਆ, ਤਾਂ ਨਿਯਮ ਅਨੁਸਾਰ ਬਾਬਾ ਨਰੈਣ ਸਿੰਘ ਜੀ ਨੇ ਉਸ ਨੂੰ ਸ਼ਸਤ੍ਰ ਵਿੱਦਿਆ ਦੇਣੀ ਅਰੰਭ ਦਿੱਤੀ, ਜੋ ਹਰ ਇੱਕ ਸਿੱਖ ਬੱਚੇ ਲਈ ਜ਼ਰੂਰੀ ਹੁੰਦੀ ਸੀ। ਅਕਾਲੀ ਨਰੈਣ ਸਿੰਘ ਜੀ ਫੂਲਾ ਸਿੰਘ ਨੂੰ ਆਪਣੇ ਭੁਜੰਗੀਆਂ ਤੋਂ ਵੱਧ ਪਿਆਰ ਕਰਦੇ ਸਨ। ਉਨ੍ਹਾਂ ਨੇ ਥੋੜੇ ਹੀ ਸਮੇਂ ਵਿਚ ਹੀ ਫੂਲਾ ਸਿੰਘ ਜੀ ਨੂੰ ਇਸ ਕਰਤੱਵਯ ਵਿੱਚ ਪੂਰਣ ਕਰ ਦਿੱਤਾ। ਵਿਸ਼ੇਸ਼ ਕਰਕੇ ਸ਼ਮਸ਼ੇਰ ਜ਼ਨੀ ਤੇ ਧਨੁੱਖ ਚੜ੍ਹਾਣੇ ਵਿੱਚ ਤਾਂ ਉਹ ਨਿਪੁੰਨਤਾ ਪ੍ਰਾਪਤ ਕੀਤੀ ਕਿ ਸਭ ਹੈਰਾਨ ਰਹਿ ਗਏ। ਹੁਣ ਫੂਲਾ ਸਿੰਘ ਘੋੜੇ ਦੀ ਸਵਾਰੀ ਤੇ ਹੋਰ ਸਾਰੇ ਜੰਗੀ ਗੁਣਾਂ ਵਿੱਚ ਪੂਰੀ-ਪੂਰੀ ਤਰ੍ਹਾਂ ਮਾਹਰ ਹੋ ਗਿਆ। ਅਕਾਲੀ ਨਰੈਣ ਸਿੰਘ ਆਪਣੇ ਸਾਰੇ ਵਿਦਿਆਰਥੀਆਂ ਨੂੰ ਫ਼ਰਜੀ ਮੈਦਾਨੇ ਜੰਗ ਵਿੱਚ ਲੈ ਜਾਂਦੇ ਤੇ ਉਨ੍ਹਾਂ ਨੂੰ ਦੋ ਹਿੱਸਿਆਂ ਵਿਚ ਵੰਡ ਕੇ ਆਪੋ ਵਿੱਚ ਇੱਕ ਭਾਗ ਨੂੰ ਦੂਜੇ 'ਤੇ ਹੱਲਾ ਕਰਵਾਂਦੇ ਜੋ ਉਹ ਅੱਗੋਂ ਉਨਾਂ ਦੇ ਹੱਲੇ ਨੂੰ ਰੋਕਦੇ ਹੋਏ ਪਰਤ ਕੇ ਮੁੜ ਉਨ੍ਹਾਂ 'ਤੇ ਹੀ ਟੁੱਟ ਪੈਂਦੇ, ਆਦਿ। ਇਸ ਅਭਿਆਸੀ ਜੰਗ ਵਿੱਚ ਫੂਲਾ ਸਿੰਘ ਦੇ ਅਬੁੱਝ ਜੋਸ਼ ਤੇ ਅੱਟਲ ਦ੍ਰਿੜ੍ਹਤਾ ਨੂੰ ਦੇਖ-ਦੇਖ ਕੇ ਬਾਬਾ ਨਰੈਣ ਸਿੰਘ ਜੀ ਫੁੱਲੇ ਨਹੀਂ ਸਨ ਸਮਾਉਂਦੇ। ਅਕਾਲੀ ਫੂਲਾ ਸਿੰਘ ਪਰਿਵਾਰ ਪੰਥ ਦਾ ਬਹੁਤ ਸੇਵਕ ਹੋਇਆ ਹੈ।

---

1. ਸ਼ੀਹਾਂ ਪਿੰਡ ਲਹਿਰਾਗਾਗਾ ਤੋਂ ਮੂਨਕ ਸੜਕ ਤੇ ਹੈ। ਲੇਲ ਕਲਾਂ ਪਿੰਡ ਦੇ ਨਾਲ ਹੀ ਦੇਹਲਾ ਸ਼ੀਹਾਂ ਪਿੰਡ ਹੈ। ਇਸ ਪਿੰਡ ਦਾ ਥਾਣਾ ਅਤੇ ਤਹਿਸੀਲ ਮੂਨਕ ਹੈ। (ਸੰਪਾਦਕ)

2. ਅਕਾਲੀ ਫੂਲਾ ਸਿੰਘ ਦੀ ਮਾਤਾ ਬੀਬੀ ਗੁਰਦਿਆਲ ਕੌਰ ਸੀ। (ਸੰਪਾਦਕ)

3. ਫੂਲਾ ਸਿੰਘ ਦਾ ਜਨਮ 14 ਜਨਵਰੀ 1761 ਨੂੰ ਹੋਇਆ। (ਸੰਪਾਦਕ)

ਫੂਲਾ ਸਿੰਘ ਮਿਸਲ ਸ਼ਹੀਦਾਂ ਦੇ ਸਨ। (ਸੰਪਾਦਕ)

1. ਅਹਿਮਦ ਸ਼ਾਹ ਦਾ ਇਹ ਹੱਲਾ ਕਨਿੰਘਮ ਤੇ ਪ੍ਰਿੰਸਿਪ ਸੰਨ 1762 ਵਿੱਚ ਮੰਨਦੇ ਹਨ ਜੋ ਸੰਮਤ 1819 ਬਿ: ਬਣਦਾ ਹੈ, ਇਸ ਤਰ੍ਹਾਂ ਅਕਾਲੀ ਫੂਲਾ ਸਿੰਘ ਜੀ ਦਾ ਜਨਮ ਸੰਮਤ 1818 ਦਾ ਠਹਿਰਦਾ ਹੈ।

5. ਇਸ ਸਮੇਂ ਦੇ ਜ਼ੁਲਮ ਤੇ ਲੁੱਟ ਮਾਰ ਦਾ ਨਮੂਨਾ ਹੇਠ ਲਿਖੀ ਕਹਾਵਤ ਤੋਂ ਚੰਗੀ ਤਰ੍ਹਾਂ ਸਪੱਸ਼ਟ ਹੁੰਦਾ ਹੈ, ਜੋ ਉਸ ਸਮੇਂ ਆਮ ਬੋਲੀ ਜਾਂਦੀ ਸੀ:-

ਖਾਧਾ ਪੀਤਾ ਲਾਹੇ ਦਾ।

ਰਹਿੰਦਾ ਅਹਿਮਤ ਸ਼ਾਹੇ ਦਾ

(ਸਯੱਦ ਮੁਹੰਮਦ ਲਤੀਫ਼, ਹਿਸਟਰੀ ਔਫ਼ ਦੀ ਪੰਜਾਬ, ਸ: 301)

6. ਇਸ ਹਮਲੇ ਨੂੰ ਵੱਡਾ ਘੱਲੂਕਾਰਾ ਕਿਹਾ ਗਿਆ। ਇਸ ਹਮਲੇ ਵਿੱਚ ਅੱਧੀ ਸਿੱਖ ਕੌਮ ਤੀਹ ਕੁ ਹਜ਼ਾਰ ਸਿੰਘ ਇੱਕੋ ਦਿਨ ਵਿੱਚ ਸ਼ਹੀਦ ਹੋ ਗਏ ਸਨ। ਇਹ ਹਮਲਾ ਪਿੰਡ ਕੁੱਪ ਰਹੀੜੇ ਤੋਂ ਸ਼ੁਰੂ ਹੋ ਕੇ ਬਰਨਾਲੇ ਨੇੜੇ ਪਿੰਡ ਕੁੱਤਬਾ ਬਾਹਮਣੀਆਂ ਤੱਕ ਚਲਦਾ ਰਿਹਾ। ਇਹ ਘੱਲੂਘਾਰਾ 5 ਫਰਵਰੀ 1762 ਨੂੰ ਵਾਪਰਿਆ। (ਸੰਪਾਦਕ)

7. ਇਨ੍ਹਾਂ ਦਾ ਨਾਮ ਪੰਥ ਪ੍ਰਕਾਸ਼ ਵਿੱਚ ਨੈਣਾ ਸਿੰਘ ਕਰਕੇ ਲਿਖਿਆ। ਅਸਲ ਵਿੱਚ ਇਨ੍ਹਾਂ ਦਾ ਪੂਰਾ ਨਾਮ ਨਰੈਣ ਸਿੰਘ ਸੀ।

(ਚਲਦਾ)



ਪੇਸ਼ਕਸ਼:
**ਹਰਦੇਵ ਬਰਾੜ**
ਮੁੱਖ ਸੰਪਾਦਕ

# ਭਾਰਤ ਤੋਂ ਆਏ ਡਾਕਟਰ ਨਿਊਜ਼ੀਲੈਂਡ ‘ਚ ਹੋਰ ਕਿੱਤੇ ਕਰਨ ਲਈ ਮਜਬੂਰ

ਆਕਲੈਂਡ– ਭਾਰਤ ਵਿੱਚ ਵਸਦੇ ਅਨੇਕਾਂ ਮਾਹਿਰ ਡਾਕਟਰਾਂ ਦਾ ਸੁਪਨਾ ਹੈ ਕਿ ਉਹ ਆਪਣਾ ਇਹ ਕੰਮ ਵਿਦੇਸ਼ਾਂ ਵਿੱਚ ਜਾ ਕੇ ਕਰਨ। ਇਸੇ ਆਸ ਵਿੱਚ ਕਈ ਭਾਰਤੀ ਡਾਕਟਰ ਨਿਊਜ਼ੀਲੈਂਡ ਵਿੱਚ ਪਹੁੰਚੇ। ਪਰ ਇੱਥੇ ਇੰਡੀਆਂ ਅਤੇ ਹੋਰਾਂ ਦੇਸ਼ਾਂ ਤੋਂ ਆਏ ਡਾਕਟਰ ਨਿਊਜ਼ੀਲੈਂਡ ਵਿੱਚ ਊਬਰ ਡਰਾਈਵਰ ਤੇ ਹੋਰ ਕਿੱਤਿਆਂ ਵਿੱਚ ਕੰਮ ਕਰਨ ਲਈ ਮਜਬੂਰ ਹਨ।



ਅਸਲ ਵਿੱਚ ਇਨ੍ਹਾਂ ਡਾਕਟਰਾਂ ਨੂੰ ਇੱਥੇ ਆ ਕੇ ਰਜਿਸਟਰ ਹੋਣ ਲਈ ਕਾਫੀ ਮੁਸਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਸਰਕਾਰ ਵੀ ਇਸ ਗੱਲ ਨੂੰ ਮੰਨਦੀ ਹੈ ਕਿ ਭਾਂਵੇ ਮੈਡੀਕਲ ਨਾਲ ਸੰਬੰਧਤ ਇਹਨਾਂ ਡਾਕਟਰਾਂ ਦੀਆਂ ਸੇਵਾਵਾਂ ਦੀ ਨਿਊਜ਼ੀਲੈਂਡ ਵਿੱਚ ਬਹੁਤ ਲੋੜ ਹੈ ਪਰ ਕਈ ਦੇਸ਼ਾਂ ਤੋਂ ਨਿਊਜ਼ੀਲੈਂਡ ਵਿੱਚ ਆਏ ਇਹਨਾਂ ਡਾਕਟਰਾਂ ਦਾ ਇੱਥੇ ਰਜਿਸਟਰ ਹੋਣ ਦਾ ਪ੍ਰੋਸੈੱਸ ਸਮਾਂ ਲੈਣ ਵਾਲਾ ਤੇ ਔਖਾ ਹੈ, ਜਿਸ ਕਾਰਨ ਸਰਕਾਰ ਵੀ ਚਾਹ ਕੇ ਇਹਨਾਂ ਦੀ ਮੱਦਦ ਨਹੀਂ ਕਰ ਸਕਦੀ। 2020 ਇੱਥੇ ਆਈ ਐਨਸਥੀਟੀਸਟ ਪ੍ਰਨੀਤ ਕੌਰ ਨੇ ਦੱਸਿਆ ਕਿ ਜੇ ਉਹ ਉਸ ਵੇਲੇ ਯੂਕੇ ਚਲੀ ਜਾਂਦੀ ਤਾਂ ਉਸਨੇ ਯੂਕੇ ‘ਚ ਇਸੇ ਡਾਕਟਰੀ ਲਾਈਨ ਵਿੱਚ ਕੰਮ ਕਰਨਾ ਸੀ। ਕਿਉਕਿ ਉਸ ਕੋਲ ਜੋਬ ਆਫਰ ਸੀ। ਪਰ ਕਿਸੇ ਕਾਰਨ ਕਰਕੇ ਉਸਨੇ ਇੱਥੇ ਰਹਿਣ ਦਾ ਮਨ ਬਣਾਇਆ ਤੇ ਅੱਜ ਸਾਢੇ 3 ਸਾਲਾਂ ਬਾਅਦ ਵੀ ਉਹ ਹੈਲਥਕਅਰ ਅਸੀਸਟੈਂਟ ਵਜੋਂ ਕੰਮ ਕਰਨ ਨੂੰ ਮਜਬੂਰ ਹੈ। ਇਸ ਦੌਰਾਨ ਉਹ 3 ਵਾਰ ਆਈਲੈਟਸ ਕਰ ਚੁੱਕੀ ਹੈ। ਰਜਿਸਟ੍ਰੇਸ਼ਨ ਵਾਲੇ ਇਮਤਿਹਾਨ ਦਾ ਖਰਚਾ ਵੀ ਕਰੀਬ 5000 ਦੇ ਕਰੀਬ ਪੈਂਦਾ ਹੈ ਤੇ ਅਗਲੇ ਸਾਲ ਫਿਰ ਤੋਂ ਉਹ ਇਹ ਕੋਸ਼ਿਸ ਕਰੇਗੀ। ਪ੍ਰਨੀਤ ਕੌਰ ਨੇ ਦੱਸਿਆ ਕਿ ਮਾਰਚ ਵਿੱਚ ਹੋਏ ਇਸ ਟੈਸਟ ਨੂੰ 25 ਜਣਿਆਂ ਨੇ ਦਿੱਤਾ ਸੀ ਪਰ ਸਿਰਫ 15 ਜਣੇ ਹੀ ਸਫਲ ਹੋ ਸਕੇ ਸਨ।

# ਆਸਟ੍ਰੇਲੀਆ ‘ਚ ਰਹਿਣ ਵਾਲੇ ਪੰਜਾਬੀਆਂ ਲਈ ਸਰਕਾਰ ਦਾ ਐਲਾਨ




ਮੈਲਬੌਰਨ– ਆਸਟ੍ਰੇਲੀਆਈ ਸਰਕਾਰ ਨੇ ਫਰਵਰੀ 2024 ਤੋਂ ਬਾਅਦ ‘ਮਹਾਮਾਰੀ ਇਵੈਂਟ ਵੀਜ਼ਾ’ ਨੂੰ ਬੰਦ ਕਰਨ ਦਾ ਐਲਾਨ ਕੀਤਾ ਹੈ। ਇਹ ਇੱਕ ਅਜਿਹਾ ਕਦਮ ਹੈ, ਜਿਸ ਨਾਲ ਵੱਡੀ ਗਿਣਤੀ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਅਸਥਾਈ ਕਾਮਿਆਂ ਨੂੰ ਦੇਸ਼ ਵਿੱਚ ਰਹਿਣ ਲਈ ਹੋਰ ਵਿਕਲਪਾਂ ਦੀ ਭਾਲ ਲਈ ਸੰਘਰਸ਼ ਕਰਨਾ ਪੈ ਸਕਦਾ ਹੈ। ਗੌਰਤਲਬ ਹੈ ਕਿ ਇਸ ਐਲਾਨ ਨਾਲ ਆਸਟ੍ਰੇਲੀਆ ਵਿਚ ਵੱਡੀ ਗਿਣਤੀ ਵਿਚ ਰਹਿ ਰਿਹਾ ਪੰਜਾਬੀ ਭਾਈਚਾਰਾ ਵੀ ਪ੍ਰਭਾਵਿਤ ਹੋਵੇਗਾ।

ਸਬ ਕਲਾਸ 408 ਵਜੋਂ ਵੀ ਜਾਣਿਆ ਜਾਂਦਾ ਇਹ ਵੀਜ਼ਾ 2020 ਵਿੱਚ ਮਹਾਮਾਰੀ ਦੇ ਸਿਖਰ ਦੌਰਾਨ ਮਜ਼ਦੂਰਾਂ ਦੀ ਘਾਟ ਨੂੰ ਪੂਰਾ ਕਰਨ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਸਹਾਇਤਾ ਲਈ ਪੇਸ਼ ਕੀਤਾ ਗਿਆ ਸੀ, ਜੋ ਦੇਸ਼ ਛੱਡਣ ਵਿੱਚ ਅਸਮਰੱਥ ਸਨ। ਗ੍ਰਹਿ ਮਾਮਲਿਆਂ ਦੇ ਮੰਤਰੀ ਕਲੇਰ ਓ’ਨੀਲ ਅਤੇ ਇਮੀਗ੍ਰੇਸ਼ਨ ਮੰਤਰੀ ਐਂਡਰਿਊ ਗਾਈਲਸ ਨੇ ਸਾਂਝੇ ਤੌਰ ‘ਤੇ ਵੀਰਵਾਰ ਨੂੰ ਐਲਾਨ ਕੀਤਾ ਕਿ “ਫਰਵਰੀ 2024 ਤੋਂ ਸਾਰੇ ਬਿਨੈਕਾਰਾਂ ਲਈ ਵੀਜ਼ਾ ਬੰਦ ਕਰ ਦਿੱਤਾ ਜਾਵੇਗਾ,”।

ਇਕ ਪਰਿਵਰਤਨਸ਼ੀਲ ਉਪਾਅ ਵਜੋਂ ਇਹ ਘੋਸ਼ਣਾ ਕੀਤੀ ਗਈ ਸੀ ਕਿ 2 ਸਤੰਬਰ, 2023 ਤੋਂ ਮਹਾਮਾਰੀ ਇਵੈਂਟ ਵੀਜ਼ਾ ਸਿਰਫ ਮੌਜੂਦਾ ਧਾਰਕਾਂ ਦੀਆਂ ਅਰਜ਼ੀਆਂ ਲਈ ਖੁੱਲ੍ਹਾ ਹੋਵੇਗਾ। ਸ਼ਨੀਵਾਰ ਤੋਂ ਨਵੀਆਂ ਅਰਜ਼ੀਆਂ ਨੂੰ ਛੇ ਮਹੀਨੇ ਦਾ ਵੀਜ਼ਾ ਮਿਲੇਗਾ ਅਤੇ 405 ਆਸਟ੍ਰੇਲੀਆਈ ਡਾਲਰ ਦਾ ਇੱਕ ਅਰਜ਼ੀ ਚਾਰਜ ਵੀ ਲਗਾਇਆ ਜਾਵੇਗਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਵੀਜ਼ਾ ਸਿਰਫ਼ ਉਨ੍ਹਾਂ ਲੋਕਾਂ ਦੁਆਰਾ ਵਰਤਿਆ ਜਾ ਰਿਹਾ ਹੈ, ਜਿਨ੍ਹਾਂ ਦੇ “ਆਸਟ੍ਰੇਲੀਆ ਵਿੱਚ ਰਹਿਣ ਅਤੇ ਯੋਗਦਾਨ ਪਾਉਣ ਦੀ ਅਸਲ ਲੋੜ ਹੈ”। ਇਹਨਾਂ ਨਵੀਆਂ ਤਬਦੀਲੀਆਂ ਅਨੁਸਾਰ ਵੈਧ ਮਹਾਮਾਰੀ ਇਵੈਂਟ ਵੀਜ਼ਾ ਵਾਲੇ ਲੋਕ ਉਦੋਂ ਤੱਕ ਕਾਨੂੰਨੀ ਰਹਿਣਗੇ, ਜਦੋਂ ਤੱਕ ਉਹਨਾਂ ਦੇ ਮੌਜੂਦਾ ਵੀਜ਼ੇ ਦੀ ਮਿਆਦ ਖ਼ਤਮ ਨਹੀਂ ਹੋ ਜਾਂਦੀ। ਜਿਨ੍ਹਾਂ ਕੋਲ ਹੋਰ ਵੀਜ਼ਾ ਅਰਜ਼ੀਆਂ ਲਈ ਕੋਈ ਵਿਕਲਪ ਨਹੀਂ ਹਨ, ਉਨ੍ਹਾਂ ਦੇ ਵੀਜ਼ੇ ਦੀ ਮਿਆਦ ਪੁੱਗਣ ‘ਤੇ ਆਸਟ੍ਰੇਲੀਆ ਛੱਡਣ ਦੀ ਉਮੀਦ ਕੀਤੀ ਜਾਂਦੀ ਹੈ।

iColour Graphics T/A
iSIGNS
DESIGN
PRINT
SIGN
PRINTING
BUSINESS CARDS
FLYERS
PHOTOCOPY
LAMINATION
BINDING & MORE...
SIGNAGE
SHOP SIGNS
VEHICLE SIGNS
FOOTPATH SIGNS
PULL-UP BANNERS
POSTERS & MORE...



PH: 0800 03 03 99 | MOB: 021 670 590
Email: icolourgraphics@gmail.com
UNIT 5/2 TIRONUI STATION ROAD WEST, TAKANINI

GTB
Horticulture Ltd
Our Commitment - Your Relief



ਫਾਰਮ ਵਿੱਚ ਕੰਮ ਕਰਨ ਲਈ
ਵਰਕਰਾਂ ਦੀ ਜ਼ਰੂਰਤ ਹੈ
ਵਧੀਆ ਤਨਖਾਹ ਦਿੱਤੀ ਜਾਵੇਗੀ।
Pickup & Drop Off Available
Manpreet Singh Dhaliwal
021 147 1502
Manpreet Singh Batth
020 4057 2327
Email: gtb.horticulture@gmail.com

# Harcourts Topline

Licensed Agent REAA 2008

## Your home is One of your most valuable *asset*

**We are a complete One stop shop for all your Real Estate needs**

**We offer the following services:**

- Residential Sales
- Rental Property Management (REINZ Accredited PM Company)
- Business Sales
- Commercial Sales
- Commercial Leasing

***Call The Topline TEAM***

***for any of your Real Estate needs & more***

ਘਰ ਖਰੀਦਣ ਅਤੇ ਵੇਚਣ ਲਈ
ਸੰਪਰਕ ਕਰੋ।



**Hardev Brar**

**M: 027 442 7338**

**E: Hardev.brar@harcourts.co.nz**



**Mehul Mody**

**M: 021 990 080**

**E: mehul.mody@harcourts.co.nz**

# M 027442 7338 P 09 620 6222

hardev.brar@harcourts.co.nz www.toplinerealty.co.nz , 206 Stoddard Road, Mt Roskill,Auckland

# ਗੱਲਬਾਤ ਦਾ ਸਾਡੇ ਜੀਵਨ ਵਿੱਚ ਮਹੱਤਵ

ਪੱਥਰ ਯੁੱਗ ਵਿੱਚ ਮਨੁੱਖ ਗੱਲਬਾਤ ਕਰਨ ਲਈ ਇਸ਼ਾਰਿਆਂ ਜਾਂ ਧਾਗੇ ਤੇ ਰਸੀਆਂ ਨੂੰ ਵਰਤਦਾ ਸੀ।ਹੌਲ਼ੀ ਹੌਲ਼ੀ ਸ਼ਬਦਾਂ ਤੇ ਫ਼ਿਰ ਵਾਕਾਂ ਦਾ ਵਿਕਾਸ ਹੋਇਆ।ਹੁਣ ਜੀਵਨ ਆਦਿ ਕਾਲ ਨਾਲੋਂ ਸੁਖਾਲਾ ਹੋ ਗਿਆ।ਮਨੋਭਾਵ ਵਿਅਕਤ ਕਰਨ ਲਈ ਜੁਬਾਨ ਦੀ ਵਰਤੋਂ ਹੋਣ ਲੱਗ ਗਈ।

ਅੱਜ ਜਦੋਂ ਭਾਸ਼ਾ ਆਪਣੀ ਚਰਮ ਸੀਮਾ ਨੂੰ ਛੋਹ ਚੁੱਕੀ ਹੈ, ਮਨੁੱਖ ਨੇ ਇੱਕ ਦੂਜੇ ਨਾਲ਼ ਬੋਲਣਾ ਅਤਿਅੰਤ ਸੀਮਿਤ ਕਰ ਦਿੱਤਾ ਹੈ।ਇਸ ਸੀਮਾ ਰੇਖਾ ਕਾਰਨ ਇਨਸਾਨੀ ਜੀਵਨ ਗ਼ਲਤ ਫ਼ਹਿਮੀਆਂ ਦਾ ਸ਼ਿਕਾਰ ਹੋਣ ਦੇ ਨਾਲ਼ ਨਾਲ ਹੋਰ ਕਈ ਪ੍ਰੇਸ਼ਾਨੀਆਂ ਨਾਲ਼ ਜੂਝਣ ਲੱਗ ਗਿਆ ਹੈ।ਇਹ ਪ੍ਰੇਸ਼ਾਨੀਆਂ ਪਰਿਵਾਰਿਕ ਜੀਵਨ ਵਿੱਚ ਸਭ ਤੋਂ ਵੱਧ ਨਕਾਰਾਤਮਿਕ ਪ੍ਰਭਾਵ ਪਾਉਣ ਦੇ ਨਾਲ਼ ਨਾਲ਼, ਸਮਾਜਿਕ ਤੇ ਇਸ ਤੋਂ ਉੱਚ ਸੱਤਰ ਨੂੰ ਵੀ ਆਪਣੀ ਜਕੜ ਵਿੱਚ ਲੈ ਰਹੀਆਂ ਹਨ।ਇਸ ਘਟਦੇ ਹੋਏ ਵਾਰਤਾਲਾਪ ਨੇ ਜੀਵਨ ਨੂੰ ਬਹੁਤ ਹੱਦ ਤੱਕ ਲੜਾਈ ਝਗੜੇ ਦਾ ਅਖਾੜਾ ਬਣਾਕੇ ਸਮਾਜ ਤੇ ਪਰਿਵਾਰਾਂ ਨੂੰ ਤੋੜ ਕੇ ਨਾਸ ਕਰ ਦਿੱਤਾ ਹੈ।

ਪਿਛਲੇ ਸਮਿਆਂ ਵਿੱਚ ਸੰਯੁਕਤ ਪਰਿਵਾਰਾਂ ਦੀ ਹੋਂਦ ਕਰਨ, ਬਚਪਣ ਤੋਂ ਹੀ ਸਾਨੂੰ ਆਮਨੇ ਸਾਮਣੇ ਗੱਲਾਂ ਕਰਨ, ਸਿੱਖਣ ਤੇ ਸਿਖਾਉਣ ਦੀ ਆਦਤ ਪੈ ਜਾਂਦੀ ਸੀ।ਬਜ਼ੁਰਗਾਂ ਦੀ ਸੋਹਬਤ ਬੱਚਿਆਂ ਦਾ ਚਰਿੱਤਰ ਘੜਨ ਦੇ ਨਾਲ਼ ਨਾਲ਼, ਕਹਾਣੀਆਂ, ਹੱਡ ਬੀਤੀਆਂ ਤੇ ਜੱਗ ਬੀਤੀਆਂ ਸੁਣਾਉਣਾ , ਉਹਨਾਂ ਦੀ ਜਾਣਕਾਰੀ ਵਿੱਚ ਵਾਧਾ ਤਾਂ ਕਰਦੀਆਂ ਹੀ ਸਨ, ਨਾਲ਼ ਹੀ ਗੱਲ ਕਰਨ ਦੀ ਮੁਹਾਰਤ ਵੀ ਸਿਖਾਉਂਦੀਆਂ ਸਨ।ਇਸ ਨਾਲ਼ ਬੱਚਿਆਂ ਦਾ ਸਮਾਜ ਨਾਲ਼ ਤਾਲਮੇਲ ਤਾਂ ਵਧਦਾ ਹੀ ਸੀ, ਸਗੋਂ ਸੰਬੰਧ ਵੀ ਨਿਖ਼ਰਦੇ ਸਨ।ਇਹ ਮਾਹੌਲ ਬੱਚਿਆਂ ਦੇ ਵਾਧੇ ਤੇ ਵਿਕਾਸ ਦੇ ਨਾਲ਼ ਨਾਲ਼ ਉਹਨਾਂ ਵਿੱਚ ਆਤਮਵਿਸ਼ਵਾਸ਼ ਦੀ ਭਾਵਨਾ ਵੀ ਭਰਦਾ ਸੀ।

ਅੱਜ ਦੇ ਯੁੱਗ ਬਾਰੇ ਸੋਚ ਕਿ ਡਰ ਲੱਗਦਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਬੱਚਿਆਂ ਦਾ ਬਣੇਗਾ ਕੀ ? ਮਾਤਾ ਪਿਤਾ ਇੱਕਲੇ ਤੇ ਨੌਕਰੀ ਕਰਦੇ ਹੋਣ ਕਾਰਨ, ਬੱਚੇ ਨੂੰ ਲੋੜੀਂਦਾ ਸਮਾਂ ਨਹੀਂ ਦੇ ਸਕਦੇ।ਸਮੇਂ ਦੀ ਘਾਟ ਕਾਰਨ ਆਪ ਤਾਂ ਮਸ਼ੀਨਾਂ ਬਣੇ ਹੀ ਹਨ, ਬੱਚੇ ਨੂੰ ਵੀ ਰੋਬੋਟ ਬਣਾ ਛੱਡਿਆ ਹੈ।ਮਾਪਿਆਂ ਕੋਲ ਵਿਹਲ ਹੀ ਨਹੀਂ, ਤਾਂ ਜੋ ਉਹ ਆਪਣੇ ਬੱਚਿਆਂ ਦੇ ਸਵਾਲਾਂ ਦਾ ਜਵਾਬ ਦੇ ਕੇ ਉਸਦੀ ਜਿਗਿਆਸਾ ਨੂੰ ਸ਼ਾਂਤ ਕਰ ਸਕਣ।ਇਨ੍ਹਾਂ ਹੀ ਨਹੀਂ ਸਗੋਂ ਉਹਨਾਂ ਲਈ ਵਕ਼ਤ ਕੱਢਣ ਦੀ ਬਜਾਏ,ਮੋਬਾਈਲ ਫੜਾ ਦਿੰਦੇ ਹਨ।ਜੋ ਕਿ ਨਿਕਲਦੀਆਂ ਹਾਨੀਕਾਰਕ ਤਰੰਗਾਂ ਨਾਲ਼ ਬੱਚੇ ਨੂੰ ਨੁਕਸਾਨ ਤਾਂ ਪਹੁੰਚਾਉਂਦਾ ਹੀ ਹੈ, ਨਾਲ਼ ਹੀ ਉਸਦਾ ਆਦੀ ਹੋ ਕੇ, ਗੱਲਬਾਤ ਦੀ ਰੁਚੀ ਗਵਾ ਬੈਠਦਾ ਹੈ, ਜੋ ਕਿ ਉਸਨੂੰ ਬਾਕੀ ਪਰਿਵਾਰ ਤੇ ਫ਼ਿਰ ਸਮਾਜ ਨਾਲੋਂ ਤੋੜ ਕੇ ਰੱਖ ਦਿੰਦਾ ਹੈ।

ਇਥੇ ਮੈਂ ਮਾਪਿਆਂ ਨੂੰ ਆਦਰ ਸਹਿਤ ਸਲਾਹ ਦਵਾਂਗੀ ਕਿ, ਜੇ ਅਸੀਂ ਬੱਚਾ ਪੈਦਾ ਕਰਨ ਸੰਬੰਧੀ ਕੁਦਰਤ / ਪ੍ਰਮਾਤਮਾ ਦੀ ਨਿਯਮਾਂਵਾਲੀ ਨੂੰ ਮੰਨਦੇ ਹਾਂ, ਤਾਂ ਬੱਚੇ ਦੇ ਸਹੀ ਵਿਕਾਸ ਦੀ ਜਿੰਮੇਵਾਰੀ ਵੀ ਇਮਾਨਦਾਰੀ ਨਾਲ਼ ਨਿਭਾਈਏ. ਮੈਂ ਵੀ ਨੌਕਰੀ ਦੇ ਨਾਲ਼ ਨਾਲ਼ ਬੱਚੇ ਪਾਲੇ ਹਨ ਤੇ ਦੋਨਾਂ ਜਣਿਆਂ ਨੇ ਛੁੱਟੀਆਂ ਲੈ ਲੈ ਕੇ ਉਹਨਾਂ ਨੂੰ ਜੀਵਨ ਦੇ ਮੁੱਢਲੇ ਕੁੱਝ ਸਾਲਾਂ ਲਈ ਆਪਣਾ ਸਾਥ ਦੇ ਕੇ ਬਹੁਤ ਹੀ ਮਹੱਤਵਪੂਰਨ ਤੇ ਲੋੜੀਂਦੇ ਦੌਰ ਨੂੰ ਸਹੀ ਦਿਸ਼ਾ ਦਿੱਤੀ ਹੈ।ਧਿਆਨਯੋਗ ਹੈ ਕਿ ਪੈਸਾ ਤਾਂ ਸਾਰੀ ਉਮਰ ਕਮਾਉਣਾ ਹੈ, ਭਾਂਵੇ ਦੋ ਦੋ ਸ਼ਿਫਟਾਂ ਲਾ ਲਈਏ, ਪਰ ਆਪਣੇ ਬੱਚਿਆਂ ਦੀ ਲੰਘੀ ਬਹੁਤ ਹੀ ਨਾਜ਼ੁਕ ਉਮਰ ਨਹੀਂ ਮੁੜਨੀ, ਜੋ ਕਿ ਮਿੱਟੀ ਦੇ ਕੱਚੇ ਬਰਤਨ ਵਰਗੀ ਹੁੰਦੀ ਹੈ ਤੇ ਅਸੀਂ ਘੁਮਿਆਰ ਦਾ ਕੰਮ ਕਰਨਾ ਹੁੰਦਾ ਹੈ।ਇਸ ਸਮੇਂ ਵਿੱਚ ਅਸੀਂ ਬੱਚੇ ਨਾਲ਼ ਰਹਿਕੇ ਦਾਦੀ, ਦਾਦੇ, ਜਾਂ ਨਾਨੀ, ਨਾਨੇ ਦਾ ਰੋਲ ਵੀ ਨਿਭਾ ਸਕਦੇ ਹਾਂ ਗਹਓਜ਼ਜ਼ਏਟਸ ਤੇ ਇੰਟਰਨੈਟ ਦੇ ਆਦੀ ਬਣਨ ਤੋਂ ਬਚਾਉਣ ਦੇ ਨਾਲ਼ ਨਾਲ਼ ਗੱਲ ਬਾਤ ਦੀ ਆਦਤ ਵੀ ਵਿਕਸਿਤ ਕਰ ਸਕਦੇ ਹਾਂ।ਏਨ੍ਹਾ ਹੀ ਨਹੀਂ ਸਗੋਂ ਇਨ੍ਹਾਂ ਵਸਤਾਂ ਦੇ ਮਾਰੂ ਤੇ ਘਾਤਕ ਸਿੱਟਿਆਂ ਤੋਂ ਬਚਾਉਣ ਦੇ ਨਾਲ ਨਾਲ਼, ਚਰਿੱਤਰ ਉਸਾਰੀ, ਜਮਾਨੇ ਦੇ ਕਦਮ ਨਾਲ਼ ਕਦਮ ਮਿਲਾ ਕੇ ਚਲਣ ਦੀ ਜਾਚ ਮਾੜੀਆਂ ਚੀਜਾਂ ਤੋਂ ਦੂਰੀ ਬਣਾ ਕੇ ਰੱਖਣ ਦੇ ਪੂਰਨੇ ਵੀ ਪਾ ਸਕਦੇ ਹਾਂ।ਇਸਦੇ ਨਾਲ਼ ਥੋੜ੍ਹਾ ਥੋੜ੍ਹਾ ਦਿਚਿਪਲਿਨਏ, ਮਾਨਸਿਕ ਠਹਿਰਾ, ਯੋਗਾ ਤੇ ਕਸਰਤ ਆਦਿ ਵਿੱਚ ਵੀ ਦਿਲਚਸਪੀ ਪੈਦਾ ਕਰ ਸਕਦੇ ਹਾਂ।ਇਸ ਉਮਰ ਵਿੱਚ ਮਾਪਿਆਂ ਦਾ ਸਾਥ ਹੋਣ ਕਾਰਨ ਬੱਚਾ ਬਾਹਰੀ ਘਾਤਕ ਦਿਲਚਸਪੀਆਂ ਵਿੱਚ ਥੋੜੀ ਦਿਲਚਸਪੀ ਰੱਖੇਗਾ।ਸੋ ਬਚਪਣ ਜੀਵਨ ਦੀ ਪਹਿਲੀ ਪੌੜੀ ਹੈ, ਜੇ ਇਸਦੀ ਦਿਸ਼ਾ ਸਹੀ ਰੱਖੀ ਗਈ ਤਾਂ ਸਮਝੋ ਜੀਵਨ ਦਾ ਸਫਰ ਬਹੁਤ ਹੀ ਸੁੰਦਰ ਹੋਵੇਗਾ।



ਇਸਦੇ ਨਾਲ਼ ਹੀ ਹਰ ਸਮਾਜਿਕ ਸਖਸ਼ੀਅਤ ਦੀ ਵੀ ਨਿੱਜੀ ਜਿੰਮੇਵਾਰੀ ਹੈ ਕਿ ਇੱਕ ਦੂਸਰੇ ਨਾਲ਼ ਮਿਲਨ ਵਰਤਣ, ਦੁੱਖ ਸੁਖ ਸਾਂਝਾ ਕਰਨ ਤੇ ਹਰ ਤਰ੍ਹਾਂ ਦੀ ਲੋੜ ਪੈਣ ਤੇ ਇੱਕ ਦੂਜੇ ਨਾਲ਼ ਖੜੇ ਹੋਣ।ਅਜਕਲ ਵੇਖਣ ਵਿੱਚ ਆਇਆ ਹੈ ਕਿ ਹਰ ਕੋਈ ਦੂਸਰੇ ਦੇ ਮੂੰਹ ਮੱਥੇ ਲੱਗਣ ਤੋਂ ਵੀ ਕਤਰਾਉਣ ਲੱਗ ਪਿਆ ਹੈ।ਪਹਿਲਾਂ ਲੋਕ ਇੱਕ ਦੂਜੇ ਨੂੰ ਦੂਰੋਂ ਅਵਾਜ ਮਾਰ ਲੈਂਦੇ ਤੇ ਖੜੇ ਖੜੇ ਹੀ ਸਾਰਾ ਦੁੱਖ ਸੁੱਖ ਸਾਂਝਾ ਕਰ ਲੈਂਦੇ ਸਨ।ਹੁਣ ਸਭ ਕੁਝ ਉਲਟ ਹੋ ਗਿਆ ਹੈ ਤੇ ਇੱਕ ਦੂਜੇ ਨੂੰ ਦੇਖ ਕੇ ਹੀ ਨਾ ਦੇਖਣ ਦਾ ਬਹਾਨਾ ਬਣਾ ਲੈਂਦੇ ਹਨ ਤੇ ਕੋਲੋਂ ਦੀ ਲੰਘ ਜਾਂਦੇ ਹਨ।

ਅੱਜ ਦੇ ਯੁੱਗ ਵਿਚਲੇ ਸਭ ਤੋਂ ਵੱਡੇ ਕਾਰਨ ਜਾਨੀ ਸੋਸ਼ਲ ਮੀਡਿਆ ਵੱਲ ਮੋੜਾ ਕੱਟਣ ਤੋਂ ਪਹਿਲਾਂ, ਸਮਾਜ ਵਿੱਚ ਪਣਪ ਰਹੇ ਕੁਝ ਕੁ ਮਨੁੱਖੀ ਸੁਭਾਅ ਸੰਬੰਧਿਤ ਕੋਹੜਾਂ ਦੀ ਗੱਲ ਵੀ ਕਰਨੀ ਚਾਂਹਾਂਗੀ।ਇਹ ਹਨ, ਅਹੰਕਾਰ, ਸਾੜਾ ਤੇ ਭੌਤਿਕਤਾਵਾਦ ਜਿਹੀਆਂ ਵਗਦੀਆਂ ਹਨੇਰਗਰਦੀਆਂ।ਇਨ੍ਹਾਂ ਅਵਗੁਣਾਂ ਦੇ ਪ੍ਰਭਾਵ ਹੇਠ ਜਿਆਦਾਤਰ ਲੋਕਾਈ, ਬੁਰੀ ਤਰ੍ਹਾਂ ਗ੍ਰੱਸੀ ਜਾ ਚੁੱਕੀ ਹੈ, ਤੇ ਆਪਸੀ ਸਾਂਝਾਂ ਤੋਂ ਕਿਤੇ ਦੂਰ ਜਾ ਚੁੱਕੀ ਹੈ।ਜਿਸਦਾ ਸਦਕਾ ਅੱਜ ਹਰ ਇਨਸਾਨ ਇਕਲਾ ਪੈ ਗਿਆ ਹੈ, ਜਿਸ ਕਾਰਨ ਉਹ ਇਸ ਇਕਾਂਤ ਰੂਪੀ ਬਿਮਾਰੀ ਨੂੰ ਚੁੱਪਚਾਪ ਲੰਘਾਂਉਣ ਲਈ ਮਜਬੂਰ ਹੈ ਤੇ ਸਾਥ ਲੱਭਣ ਲਈ ਅਕੀਂ ਪਲਾਈਂ ਹੱਥ ਮਾਰਦਾ ਫਿਰਦਾ ਹੈ, ਪਰ ਹੱਥ ਕੁਝ ਨਹੀਂ ਲੱਗਦਾ।

ਅਸੀਂ ਹੁਣ ਮੋੜਾ ਕੱਟਦੇ ਹਾਂ, ਸੋਸ਼ਲ ਮੀਡਿਆ ਤੇ ਭਾਂਤ ਭਾਂਤ ਦੇ ਗ਼ੈਜ਼ੇਟਸ ਦੀ ਤੇ ਜਿਹੜੇ ਸਾਡੇ ਬਚਪਨ ਨੂੰ ਤਾਂ ਨਿਗਲ ਹੀ ਗਏ ਹਨ, ਸਗੋਂ ਹਰ ਉਮਰ ਲਈ ਇੱਕ ਜਰੂਰੀ ਅੰਗ ਬਣ ਚੁੱਕੇ ਹਨ।ਮੇਰਾ ਟੈਕਨੋਲੋਜੀ ਨੂੰ ਨਕਾਰਨ ਦਾ ਕੋਈ ਮਕਸਦ ਨਹੀਂ ਹੈ, ਸਗੋਂ ਇਨ੍ਹਾਂ ਦੀਆਂ ਪ੍ਰਾਪਤੀਆਂ ਨੇ ਸਾਡੇ ਜੀਵਨ ਨੂੰ ਤੇਜੀ ਦੇ ਨਾਲ਼ ਨਾਲ਼ ਉਨਤੀ ਵੀ ਦਿੱਤੀ ਹੈ।ਪਰ ਜੇਕਰ ਅਸੀਂ ਆਪ ਹੀ ਦੋ ਰੋਟੀਆਂ ਦੀ ਥਾਂ ਦਸ ਰੋਟੀਆਂ ਖਾ ਲਵਾਂਗੇ ਤਾਂ ਬਦ ਹਜ਼ਮੀ ਤਾਂ ਆਪੇ ਹੋਵੇਗੀ।ਇਸਦੇ ਨਾਲ਼ ਹੀ ਸਿਹਤ ਨੂੰ ਹਜ਼ਾਰਾਂ ਰੋਗ ਵੀ ਆਸਾਨੀ ਨਾਲ਼ ਚੰਬੜ ਜਾਣਗੇ।

ਸੋ ਸੋਸ਼ਲ ਮੀਡਿਆ ਜਿਥੇ ਸਿਹਤ ਖ਼ਰਾਬ ਕਰਦਾ ਹੈ, ਉਥੇ ਹੀ ਸਾਨੂੰ ਇੱਕ ਦੂਜੇ ਨਾਲ਼ ਗੱਲਬਾਤ ਕਾਰਨ ਤੋਂ ਵੀ ਵਾਂਝੇ ਰੱਖਦਾ ਹੈ।ਬਚਪਨ ਵਿੱਚ ਹੀ ਨਿਗ੍ਹਾ ਦਾ ਘਟ ਜਾਣਾ, ਸਰੀਰਕ ਤੇ ਮਾਨਸਿਕ ਵਿਕਾਸ ਦਾ ਰੁਕ ਜਾਣਾ, ਯਾਦ ਸ਼ਕਤੀ ਦਾ ਘਟ ਜਾਣਾ, ਪੜ੍ਹਾਈ ਜਾਂ ਕੰਮ ਵੱਲ ਧਿਆਨ ਨਾ ਲੱਗਣਾ, ਛੋਟੀ ਛੋਟੀ ਗੱਲ ਤੇ ਚਿੜਚਿੜਾਪਣ ਭਾਰੂ ਹੋਣਾ ਇਸਦੀਆਂ ਕੁਝ ਆਮ ਆਲਮਤਾਂ ਹਨ ।

ਇਸ ਸੋਸ਼ਲ ਮੀਡਿਆ ਦੀ ਅੰਨ੍ਹੇ ਵਾਹ ਵਰਤੋਂ ਕਾਰਨ ਬੱਚੇ ਤੋਂ ਲੈ ਕੇ ਬਜ਼ੁਰਗ ਤੱਕ, ਬਿਨਾਂ,ਕਿੱਸੇ ਕੰਮ ਤੋਂ ਵਿਹਲ ਹੀ ਨਹੀਂ, ਕਿਓਂਕਿ ਹਰ ਕੋਈ ਆਪਣੇ ਗਹਓਜ਼ਏਟ ਵਿਚਾਂ ਰੁੱਝਿਆ ਹੈ।ਜਿਸ ਨਾਲ਼ ਬੱਚੇ ਵਿੱਚ ਗੱਲਬਾਤ ਦਾ ਸਹੀ ਵਿਕਾਸ ਰੁਕ ਚੁੱਕਿਆ ਹੈ ਤੇ ਉਹ ਦੂਜੇ ਨਾਲ਼ ਗੱਲ ਕਰਨ ਤੋਂ ਝਿਜਕਦਾ ਹੈਲ ਇਸਦਾ ਮੋਟਾ ਜਿਹਾ ਕ਼ਾਰਨ ਅਭਿਆਸ ਦਾ ਘਾਟਾ ਹੈ।ਇਹੀ ਬੱਚਾ ਜਵਾਨ ਹੁੰਦਾ ਹੈ, ਆਪਣੇ ਸਾਥੀਆਂ ਨਾਲ਼ ਦਿਲ ਖੋਲਣ ਤੋਂ ਝਿਜਕਦਾ ਹੈ ਤੇ ਅਨੇਕਾਂ ਗਲਤਫ਼ਹਮੀਆਂ ਦਾ ਆਪਣੇ ਦੋਸਤਾਂ, ਮਿੱਤਰਾਂ, ਭੈਣ ਭਰਾਵਾਂ, ਮਾਪਿਆਂ ਤੇ ਹੋਰ ਸਾਰੇ ਸੰਬੰਧਾਂ ਬਾਰੇ ਆਪਣੇ ਮਨ ਤੇ ਬੋਝ ਲਦ ਲੈਂਦਾ ਹੈ, ਜੋ ਕਿ ਅਗੇ ਜਾ ਕੇ ਰਿਸ਼ਤਿਆਂ ਪ੍ਰਤੀ ਘਾਤਕ ਰੂਪ ਧਾਰਨ ਕਰ ਲੈਂਦਾ ਹੈ ਤੇ ਨਤੀਜੇ ਵਜੋਂ ਰਿਸ਼ਤੇ ਟੂਟ ਜਾਂਦੇ ਹਨ।

ਅਜੋਕੇ ਸਮੇਂ ਦੀ ਇੱਕ ਹੋਰ ਬਹੁਤ ਵੱਡੀ ਤ੍ਰਾਸਦੀ ਹੈ, ਜਿਸਨੇ ਸੰਸਾਰ ਦੀ ਮੂਲ ਸਥਿਤੀ ਨੂੰ ਬੁਰੀ ਤਰ੍ਹਾਂ ਹਿਲਾ ਕਿ ਰੱਖ ਦਿੱਤਾ ਹੈ ।ਅੱਜ ਹਰ ਕੋਈ ਆਪਣੇ ਮੋਬਾਈਲ ਵਿੱਚ ਮਸਰੂਫ ਹੈ। ਹਰ ਮਿੰਟ ਬਾਅਦ ਫੋਨ ਨੂੰ ਬਰੋਸਏ ਕਰਨਾ ਅਤਿਅੰਤ ਜਰੂਰੀ ਸਮਝਿਆ ਜਾਂਦਾ ਹੈ, ਫ਼ਿਰ ਭਾਂਵੇ ਪਤੀ ਪਤਨੀ, ਮਾਤਾ ਪਿਤਾ ਜਾਂ ਕੋਈ ਵੀ ਹੋਵੇ।ਅਜਿਹਾ ਕਰਨ ਨਾਲ਼ ਅਸੀਂ ਆਪਣੇ ਸਾਥੀ ਨੂੰ ਬਣਦਾ ਵਕਤ ਨਹੀਂ ਦੇ ਪਾਉਂਦੇ।ਇਹ ਅਤਿਅੰਤ ਗੰਭੀਰ, ਮਹੱਤਵਪੂਰਨ ਤੇ ਚਿੰਤਨ ਕਰਨ ਵਾਲੀ ਗੱਲ ਹੈ ਕਿ ਘਰਾਂ ਵਿੱਚ ਵਿਗਾੜ, ਮਨ ਮੁਟਆ ਤੇ ਲੜਾਈ ਝਗੜੇ ਦੀ ਜੜ੍ਹ ਨੂੰ ਲੱਭਿਆ ਤੇ ਬੈਠ ਕੇ ਸੁਲਝਾਇਆ ਜਾਵੇ।ਮੇਰੀ ਸੋਚ ਅਨੁਸਾਰ ਲੜਾਈ ਝਗੜੇ ਦੇ ਕਈ ਕਾਰਨ ਹੋ ਸਕਦੇ ਹਨ, ਪਰ ਸਭ ਤੋਂ ਵੱਢਾ ਕਾਰਨ ਆਪਸ ਵਿੱਚ ਗੱਲ ਬਾਤ ਦੀ ਘਾਟ ਹੈ।ਫ਼ਿਰ ਉਹ ਸੱਸ ਨੂੰਹ ਵਿੱਚ ਹੋਵੇ, ਪਤੀ ਪਤਨੀ ਵਿੱਚ ਹੋਵੇ, ਭੈਣ ਭਰਾ, ਨਨਾਣ ਭਰਜਾਈ, ਦੇਵਰ ਜੇਠ ਜਾਂ ਕਿੱਸੇ ਦੋ ਜਾਣਿਆਂ, ਪੂਰੇ ਪਰਿਵਾਰ ਜਾਂ ਫ਼ਿਰ ਕਿੱਸੇ ਸੰਗਠਨ ਵਿੱਚ ਹੋਵੇ।ਵੀਹ ਕੁ ਸਾਲ ਪਿੱਛੇ ਝਾਤ ਮਾਰੀਏ ਤਾਂ ਲੋਕਾਂ ਕੋਲ ਗ਼ਲਤ ਫਹਿਮੀਆਂ ਦੂਰ ਕਰਨ ਦਾ ਵਕਤ ਹੁੰਦਾ ਸੀ, ਜਿਸ ਕਾਰਨ ਉਹ ਛੋਟੇ ਤੋਂ ਛੋਟਾ ਤੇ ਵੱਡੇ ਤੋਂ ਵੱਡਾ ਝਗੜਾ ਆਪੇ ਹੱਲ ਕਰਨ ਦੀ ਸਮਰੱਥਾ ਰੱਖਦੇ ਸਨ।ਜਿਸ ਦੀ ਹੁਣ ਪੂਰੀ ਤਰ੍ਹਾਂ ਘਾਟ ਹੈ। ਕਾਰਨ, ਓਹੀ ਇੰਟਰਨੈੱਟ ਦੀ ਲਤ।ਇਸਦੇ ਨਾਲ਼ ਹੀ ਦੱਸਣਾ ਚਾਹਾਂਗੀ ਕਿ ਕੰਮ ਵਾਲੀ ਥਾਂ ਤੋਂ ਹੋਈ ਕਿੱਸੇ ਵੀ ਟੈਨਸ਼ਨ ਬਾਰੇ ਘਰ ਆ ਕੇ ਗੱਲਬਾਤ ਕਰਨ ਨਾਲ ਜਿਥੇ ਆਪਣੀ ਪ੍ਰੇਸ਼ਾਨੀ ਦੂਰ ਹੁੰਦੀ ਹੈ, ਉਥੇ ਹੀ ਬੱਚਿਆਂ ਨੂੰ ਵੀ ਅਜਿਹੀਆਂ ਚੁਣੌਤੀਆਂ ਦਾ ਸਾਮਣਾ ਕਰਨ ਦੀ ਸਿੱਖਿਆ ਮਿਲਦੀ ਹੈ ਤੇ ਹਰ ਤਰ੍ਹਾਂ ਦੇ ਉਤਾਰ ਚੜ੍ਹਾ ਨਾਲ਼ ਸਹਿਜੇ ਹੀ ਸਿਝਣ ਦੀ ਪ੍ਰੇਰਨਾਂ ਵੀ ਮਿਲਦੀ ਹੈ।

ਇਸਦੇ ਨਾਲ਼ ਹੀ ਸਮਾਜ ਦੀ ਨਿੱਘਰਦੀ ਹਾਲਤ, ਜਿਸ ਵਿੱਚ ਤਾਲਾਕਾਂ ਦੀ ਹਦੋਂ ਵੱਧ ਵਧਦੀ ਗਿਣਤੀ ਤੇ ਅਤਿਅੰਤ ਚਿੰਤਜਨਕ ਸਿਟਿਆਂ ਦੀ ਗੱਲ ਕਰਨੀ ਲਾਜ਼ਮੀ ਹੈ।ਦੇਖਣ ਵਿੱਚ ਆਉਂਦਾ ਹੈ ਕਿ ਪਤੀ ਜਾਂ ਪਤਨੀ ਆਪਣੇ ਕੰਮਾਂ ਕਾਰਾਂ ਤੋਂ ਬਾਅਦ ਘਰ ਵੜਦੇ ਹਨ, ਪਰ ਉਹਨਾਂ ਦੀ ਨਿਗ੍ਹਾ ਫੋਨ ਉਤੇ ਹੁੰਦੀ ਹੈ, ਜਦੋਂ ਕਿ ਇਸ ਵੇਲੇ ਦੋਨਾਂ ਨੂੰ ਇੱਕ ਦੂਸਰੇ ਨਾਲ਼ ਗੱਲਬਾਤ ਦੀ ਸਾਂਝ ਅਤਿਅੰਤ ਜਰੂਰੀ ਹੁੰਦੀ ਹੈ, ਤਾਂ ਜੋ ਉਹ ਦਿਨ ਭਰ ਦੀ ਥਕਾਨ ਗੱਲਾਂ ਕਰਕੇ ਉਤਾਰ ਸਕਣ ਤੇ ਘਰ ਵਿਚਲੇ ਬਾਕੀ ਮੈਂਬਰਾਂ, ਜਿਵੇਂ ਮਾਤਾ ਪਿਤਾ, ਭੈਣ ਭਰਾ ਤੇ ਬੱਚਿਆਂ ਨਾਲ਼ ਵੀ ਰਚ ਮਿਚ ਕੇ ਇੱਕ ਵਧੀਆ ਮਾਹੌਲ ਉਸਾਰ ਸਕਣ।

ਅੱਜਕਲ ਵਧਦੇ ਤਾਲਾਕਾਂ ਤੇ ਟੁੱਟਦੇ ਘਰਾਂ ਦੀ ਤ੍ਰਾਸਦੀ ਵੀ ਜਿਆਦਾਤਰ ਫੋਨ ਤੇ ਇੰਟਰਨੈੱਟ ਦੇ ਕਾਰਨ ਹੀ ਹੋਂਦ ਵਿੱਚ ਆ ਰਹੀ ਹੈ।ਪਤੀ ਪਤਨੀ ਆਪਣੇ ਸੌਣ ਵਾਲੇ ਕਮਰੇ ਵਿੱਚ ਵੀ ਆਪਸ ਵਿੱਚ ਵਾਰਤਾਲਾਪ ਕਰਨ ਦੀ ਬਜਾਏ ਆਪਣੇ ਆਪਣੇ ਫੋਨਾਂ ਵਿੱਚ ਵੜੇ ਰਹਿੰਦੇ ਹਨ।ਜਦੋਂ ਕਿ ਇਸ ਸਮੇਂ ਇੱਕ ਦੂਸਰੇ ਦੀ ਨਿਜਤਾ ਦਾ ਧਿਆਨ ਰੱਖਣ ਦੀ ਲੋੜ ਹੁੰਦੀ ਹੈ, ਪਸੰਦ ਨਾ ਪਸੰਦ ਉਤੇ ਚਰਚਾ ਦੀ ਲੋੜ ਹੁੰਦੀ ਹੈ, ਭਾਵਨਾਵਾਂ ਨੂੰ ਤਰਜੀਹ ਦੇਣ ਦੀ ਲੋੜ ਹੁੰਦੀ ਹੈ।ਜਦੋਂ ਬੈਡ ਰੂਮ ਵਿੱਚ ਇਹ ਨਿੱਕੀਆਂ ਨਿੱਕੀਆਂ ਗੱਲਾਂ ਨਹੀਂ ਕੀਤੀਆਂ ਜਾਂਦੀਆਂ, ਤਾਂ ਇੱਕ ਦਿਨ ਇਹੀ ਬਾਰੂਦ ਦਾ ਗੋਲਾ ਬਣਕੇ ਤਲਾਕ ਦੇ ਰੂਪ ਵਿੱਚ ਫਟ ਜਾਂਦੀਆਂ ਹਨ।

ਇਸੇ ਤਰ੍ਹਾਂ ਹਰ ਰਿਸ਼ਤੇ ਨੂੰ ਸਹੇਜ ਕੇ ਰੱਖਣ ਲਈ ਗੱਲਾਂ ਬਹੁਤ ਜਰੂਰੀ ਹਨ, ਫ਼ਿਰ ਭਾਂਵੇ ਉਹ ਦੇਖਣ ਨੂੰ ਫਜੂਲ ਹੀ ਲੱਗਣ।ਇਸਦੇ ਨਾਲ ਹੀ ਛੋਟੀ ਉਮਰ ਵਿੱਚ ਬੱਚਿਆਂ ਦਾ ਵਾਹ ਇੰਟਰਨੈੱਟ ਰਾਹੀਂ ਉਹ ਚੀਜਾਂ ਨਾਲ਼ ਵੀ ਪੈ ਜਾਂਦਾ ਹੈ ਜੋ ਉਸ ਕੱਚੀ ਉਮਰ ਲਈ ਉਕਸਾਵੇ ਦਾ ਕੰਮ ਕਰਦੀਆਂ ਹਨ।ਅਜਿਹੀਆਂ ਪ੍ਰਜਨਣ ਸੰਬੰਧੀ ਵੀਡੀਓਜ਼ ਤੋਂ ਪਭਾਵਿਤ ਹੋ ਕੇ ਯੁਵਾ ਵਰਗ ਹੱਸਥਮਥੁਨ ਜਿਹੀਆਂ ਪ੍ਰਕਿਰਿਆਵਾਂ ਦੀ ਵਧੇਰੀ ਵਰਤੋਂ ਕਾਰਨ ਆਪਣੇ ਆਪ ਨੂੰ ਪਰਜਨਣ ਦੇ ਅਯੋਗ ਬਣਾ ਲੈਂਦਾ ਹੈ।ਜਿਸ ਕਾਰਨ ਸ਼ਾਦੀਆਂ ਟੁੱਟ ਜਾਂਦੀਆਂ ਹਨ ਜਾਂ ਫ਼ਿਰ ਅਜਿਹਾ ਜੋੜਾ ਸਦਾ ਲਈ ਬੱਚੇ ਵਾਸਤੇ ਤਰਸਦਾ ਰਹਿ ਜਾਂਦਾ ਹੈ।

ਸੋ ਅਖੀਰ ਵਿੱਚ ਮੈਂ ਕੁਝ ਹੋਰ ਸੁਝਾਵ ਨੈੱਟਵਰਕਿੰਗ ਕੰਪਨੀਆਂ ਨੂੰ ਦੇਣਾ ਚਾਹੁੰਦੀ ਹਾਂ ਕਿ ਬੇਲੋੜੀਆਂ ਤੇ ਇਨਸਾਨੀ ਹਾਨੀਕਾਰਕ ਚੀਜਾਂ ਤੇ ਕੁਝ ਅੰਕੁਸ਼ ਲਗਾਉਣਾ ਉਹਨਾਂ ਦੀ ਨੈਤਿਕ ਜਿੰਮੇਵਾਰੀ ਹੈ।ਇਹ ਵੀ ਜਰੂਰੀ ਹੈ ਕਿ ਮਾਪੇ ਤੇ ਅਧਿਆਪਕ ਵੀ ਜਿਥੇ ਇੰਟਰਨੈੱਟ ਦੀਆਂ ਸਹੂਲਤਾਂ ਨੂੰ ਭਰਪੂਰ ਵਰਤਦੇ ਹਨ, ਉਥੇ ਹੀ ਬੱਚਿਆਂ ਤੇ ਵਿਦਿਆਰਥੀਆਂ ਨੂੰ ਇਨ੍ਹਾਂ ਚੀਜਾਂ ਦੀ ਫਾਲਤੂ ਵਰਤੋਂ ਤੇ ਉਸਦੇ ਨੁਕਸਾਨ ਦੱਸਣ ਲਈ ਥੋੜੀ ਮਿਹਨਤ ਵਧਾਉਣ।ਇਸਦੇ ਨਾਲ ਹੀ ਉਹਨਾਂ ਨੂੰ ਪ੍ਰਭੂ ਸਿਮਰਨ, ਕਸਰਤ, ਯੋਗਾ ਆਦਿ ਨਾਲ਼ ਜੋੜਣ,ਜਿਸਦੀ ਅੱਜ ਦੇ ਜਮਾਨੇ ਵਿੱਚ ਅਤਿਅੰਤ ਲੋੜ ਹੈ।

**ਨਰੇਸ਼ ਕੁਮਾਰੀ ਸ਼ਰਮਾ**
**+02041755894**



# ਜੋਗਿੰਦਰ ਸਿੰਘ ਮਤਵਾਲਾ

-ਕੋਟਕਪੂਰੇ ਦੇ ਬੱਸ ਅੱਡੇ ’ਚ ਜਾ ਕੇ ਤੁਸੀਂ ਕਿਸੇ ਵੀ ਦੁਕਾਨਦਾਰ ਜਾਂ ਰੇਹੜੀ ਵਾਲੇ ਨੂੰ ਪੁੱਛੋ, ‘ਬਈ, ਜੋਗਿੰਦਰ ਮਤਵਾਲਾ ਕਿੱਥੇ ਮਿਲੂ…?’ ਜਵਾਬ ਹੋਵੇਗਾ, ‘ਔਹ ਸਾਹਮਣੇ ਰਿਕਸ਼ਾ ਸਟੈਂਡ ’ਚ ਜਿਹੜਾ ਕਮਜ਼ੋਰ ਜਿਹਾ ਬੰਦਾ ਤਖ਼ਤਪੋਸ਼ ’ਤੇ ਬੈਠਾ ਐ, ਜੀਹਦੇ ਗਲ਼ ’ਚ ਗਾਤਰਾ ਪਾਇਆ ਹੋਇਐ, ਇਹੀ ਐ ਮਤਵਾਲਾ।’ ਜਦੋਂ ਤੁਸੀਂ ਮਤਵਾਲੇ ਨੂੰ ਮਿਲੋਗੇ ਤਾਂ ਉਹ ਮਜਬੂਰੀਆਂ, ਲਾਚਾਰੀਆਂ ਅਤੇ ਲੀਡਰਾਂ ਦੇ ਸਵਾਰਥਪੁਣੇ ਦੀਆਂ ਗੱਲਾਂ ਛੇੜ ਲਵੇਗਾ। ਉਸ ਨੂੰ ਇਸ ਗੱਲ ਦਾ ਰਹਿ-ਰਹਿ ਕੇ ਦੁੱਖ ਆਉਂਦਾ ਹੈ ਕਿ ਉਸ ਨੇ ਜਿੰਨਾ ਵੀ ਗਾਇਆ, ਚੰਗਾ ਗਾਇਆ ਪਰ ਨਾ ਤਾਂ ਸੁਣਨ ਵਾਲਿਆਂ ਨੇ ਉਸ ਦੀ ਕਦਰ ਕੀਤੀ, ਨਾ ਸੱਭਿਆਚਾਰ ਦੇ ਹਿਤੈਸ਼ੀਆਂ ਨੇ ਤੇ ਨਾ ਹੀ ਘੜੰਮਚੌਧਰੀ ਲੀਡਰਾਂ ਨੇ।

ਕਿਸੇ ਸਿਆਣੀ ਉਮਰ ਦੇ ਬੰਦੇ ਨੂੰ ਉਸ ਦੇ ਦੋ-ਤਿੰਨ ਗੀਤਾਂ ਦੇ ਬੋਲ ਦੱਸੋ। ਉਹ ਆਖੇਗਾ, ‘ਹਾਂ… ਹਾਂ… ਇਹ ਮਤਵਾਲੇ ਦੇ ਗੀਤ ਨੇ…ਸਾਡੇ ਵੇਲਿਆਂ ’ਚ ਬੜੇ ਵੱਜਦੇ ਸੀ ਇਹਦੇ ਗੀਤ।’ ਪਰ ਅੱਜ ਉਹੀ ਜੋਗਿੰਦਰ ਸਿੰਘ ਮਤਵਾਲਾ ਆਪਣੀ ਗ਼ਰੀਬੀ ’ਤੇ ਹੰਝੂ ਕੇਰਦਾ ਦਿਸਦਾ ਹੈ। ਹੁਣ ਲੋਕਾਂ ਨੂੰ ਉਸ ਦੀ ਗਾਇਕੀ ਦੀ ਕੋਈ ਕਦਰ ਨਹੀਂ, ਕਿਸੇ ਦਾ ਇਸ ਗੱਲ ਨਾਲ ਕੋਈ ਵਾਸਤਾ ਨਹੀਂ ਕਿ ਕਿਸੇ ਵੇਲੇ ਉਹ ਸਟਾਰ ਗਾਇਕ ਹੁੰਦਾ ਸੀ। ਜਿਹੜਾ ਮਤਵਾਲਾ ਕਦੇ ਸਟੇਜਾਂ ਦਾ ਸ਼ਿੰਗਾਰ ਹੋਇਆ ਕਰਦਾ ਸੀ, ਅੱਜ ਉਹ ਭੋਖੜੇ ਦੇ ਦਿਨ ਕੱਟ ਰਿਹਾ ਹੈ। ਨਾ ਉਸ ਕੋਲ ਇਲਾਜ ਲਈ ਪੈਸੇ ਨੇ ਤੇ ਨਾ ਹੀ ਟੱਬਰ ਦੇ ਜੀਆਂ ਦਾ ਰੋਟੀ-ਟੁੱਕ ਤੋਰਨ ਲਈ ਪੈਸਾ-ਟਕਾ।

ਮਤਵਾਲਾ ਸਿਰਫ਼ ਗਾਇਕ ਨਹੀਂ ਸਗੋਂ ਬਾਦਲ ਅਕਾਲੀ ਦਲ ਦਾ ਜਵਾਨੀ ਤੋਂ ਪੱਕਾ ਸਮਰਥਕ ਹੈ। ਪ੍ਰਕਾਸ਼ ਸਿੰਘ ਬਾਦਲ ਨਾਲ ਖਿਚਵਾਈਆਂ ਫੋਟੋਆਂ ਉਸ ਦਾ ਸਰਮਾਇਆ ਹਨ, ਪਰ ਨਾ ਕਦੇ ਬਾਦਲ ਨੇ ਤੇ ਨਾ ਉਸ ਦੇ ਦਲ ਦੇ ਕਿਸੇ ਹੋਰ ਆਗੂ ਨੇ ਉਸ ਦੀ ਕਲਾ ਦੀ ਕਦਰ ਕੀਤੀ। ਅਕਾਲੀ ਦਲ ਵੱਲੋਂ ਲਾਏ ਕਈ ਮੋਰਚਿਆਂ ਵਿੱਚ ਉਸ ਨੇ ਵਧ-ਚੜ੍ਹ ਕੇ ਹਿੱਸਾ ਲਿਆ, ਜੇਲ੍ਹਾਂ ਵੀ ਕੱਟੀਆਂ, ਪਰ ਕਿਸੇ ਨੇ ਨਹੀਂ ਸੋਚਿਆ ਕਿ ਜਿਹੜਾ ਮਤਵਾਲਾ ਰਿਕਸ਼ਾ ਚਲਾ ਕੇ ਆਪਣਾ ਟੱਬਰ ਪਾਲ ਰਿਹਾ ਹੈ, ਉਸ ਨੂੰ ਹੋਰ ਨਹੀਂ ਤਾਂ ਰਿਕਸ਼ਾ ਹੀ ਨਵਾਂ ਲੈ ਦਿੱਤਾ ਜਾਵੇ। ਜਦੋਂ ਤਵਿਆਂ ਵਾਲੇ ਯੁੱਗ ਦਾ ਅੰਤ ਹੋ ਗਿਆ ਤੇ ਲੋਕ ਸਾਦੇ ਗੀਤਾਂ ਨੂੰ ਸੁਣਨ ਤੋਂ ਆਕੀ ਹੋ ਗਏ ਤਾਂ ਉਸ ਦੀਆਂ ਸਟੇਜਾਂ ਬੰਦ ਹੋ ਗਈਆਂ। ਮਜਬੂਰੀ ਵੱਸ ਉਸ ਨੇ ਰਿਕਸ਼ਾ ਚਲਾਉਣਾ ਸ਼ੁਰੂ ਕਰ ਦਿੱਤਾ ਤੇ ਜਿਹੜਾ ਬੰਦਾ ਕਦੇ ਇੱਕ ਪ੍ਰੋਗਰਾਮ ਦਾ ਸੱਤ-ਅੱਠ ਸੌ ਰੁਪਿਆ ਲੈਂਦਾ ਹੁੰਦਾ ਸੀ, ਦਿਨ ਭਰ ਰਿਕਸ਼ਾ ਚਲਾ ਕੇ ਕਮਾਏ ਜਾਂਦੇ ਸੱਠਾਂ-ਸੱਤਰਾਂ ਰੁਪਿਆਂ ਨਾਲ ਪਰਿਵਾਰ ਪਾਲਣ ਲੱਗਾ। ਹੁਣ ਉਸ ਦੇ ਗਿੱਟੇ-ਗੋਡੇ ਜਵਾਬ ਦੇ ਗਏ ਨੇ, ਉਸ ਦੀਆਂ ਅੱਖਾਂ ਦੇ ਅੱਥਰੂ ਜੰਮ ਚੁੱਕੇ ਨੇ ਪਰ ਭਲੇ ਵੇਲਿਆਂ ਨੂੰ ਚੇਤੇ ਕਰਕੇ ਉਹ ਸਰੂਰ ਲੈ ਲੈਂਦਾ ਹੈ। ਜਦੋਂ ਉਸ ਨਾਲ ਸਾਡੀ ਪਹਿਲੀ ਮੁਲਾਕਾਤ ਹੋਈ ਤਾਂ ਉਸ ਦੀ ਸੱਜੀ ਬਾਂਹ ਟੁੱਟੀ ਹੋਈ ਸੀ ਪਰ ਉਸ ਕੋਲ ਪਲੱਸਤਰ ਲਵਾਉਣ ਜੋਗੇ ਪੈਸੇ ਨਹੀਂ ਸਨ।

ਕੋਟਕਪੂਰੇ ਦੇ ਬੱਸ ਅੱਡੇ ’ਚ ਬੈਠਾ ਮਤਵਾਲਾ ਜਦੋਂ ਇਹ ਆਖਦਾ ਹੈ, ‘ਗ਼ਰੀਬੀ ਨੇ ਮੇਰੀ ਗਾਇਕੀ ਨੂੰ ਵੀ ਖਾ ਲਿਆ ਤੇ ਮੇਰੀਆਂ ਸਧਰਾਂ ਨੂੰ ਵੀ’ ਤਾਂ ਕਾਲਜਾ ਮੂੰਹ ਨੂੰ ਆ ਜਾਂਦਾ ਹੈ। ਹੁਣ ਮਤਵਾਲੇ ਨੂੰ ਕਿਸੇ ਪਾਸਿਓਂ ਮੱਦਦ ਦੀ ਆਸ ਨਹੀਂ ਦਿਸਦੀ ਤੇ ਉਹ ਸਪੱਸ਼ਟ ਸ਼ਬਦਾਂ ’ਚ ਆਖਦਾ ਹੈ, ‘ਜਦੋਂ ਮੇਰੀ ਕਦਰ ਹੋਣੀ ਚਾਹੀਦੀ ਸੀ ਜੇ ਉਦੋਂ ਨਹੀਂ ਹੋਈ ਤਾਂ ਹੁਣ ਕਿਸੇ ਨੇ ਮੈਥੋਂ ਕੀ ਲੈਣੈ?’ ਮਤਵਾਲੇ ਦਾ ਜੀਵਨ-ਸੰਘਰਸ਼ ਦੀ ਲੰਮੀ-ਚੌੜੀ ਦਾਸਤਾਨ ਹੈ। ਦਲਿਤਾਂ ਦੇ ਵਿਹੜੇ ਵਿੱਚ ਪੈਦਾ ਹੋ ਕੇ ਉਸ ਨੇ ਅੰਬਰੀਂ ਉਡਾਰੀਆਂ ਲਾਉਣ ਦੇ ਸੁਪਨੇ ਲਏ, ਪਰ ਗ਼ਰੀਬੀ ਨੇ ਉਸ ਦੇ ਖੰਭ ਕੁਤਰ ਦਿੱਤੇ। ਸਮੇਂ-ਸਮੇਂ ’ਤੇ ਉਸ ਨੇ ਬਾਦਲ ਸਰਕਾਰ ਮੂਹਰੇ ਫ਼ਰਿਆਦ ਕਰਨ ਦੇ ਹੰਭਲੇ ਵੀ ਕੀਤੇ ਪਰ ‘ਮੂਹਰਲਿਆਂ’ ਨੇ ਉਸ ਨੂੰ ਬਾਦਲ ਨਾਲ ਮਿਲਣ ਹੀ ਨਾ ਦਿੱਤਾ।

ਜੋਗਿੰਦਰ ਸਿੰਘ ਮਤਵਾਲਾ ਦਾ ਜਨਮ ਸੱਤਰ ਕੁ ਸਾਲ ਪਹਿਲਾਂ ਪਾਕਿਸਤਾਨ ਦੇ ਜ਼ਿਲ੍ਹੇ ਮੁਲਤਾਨ ਦੇ ਪਿੰਡ ਪੰਜੀ ਚੱਕ ਵਿੱਚ ਹੋਇਆ। ਵੰਡ ਤੋਂ ਬਾਅਦ ਸਾਰਾ ਪਰਿਵਾਰ ਅੰਮ੍ਰਿਤਸਰ ਆ ਗਿਆ। ਗਿਆਰਾਂ-ਬਾਰਾਂ ਸਾਲ ਦੀ ਉਮਰ ਵਿੱਚ ਉਸ ਨੇ ਆਪਣੇ ਪਿਤਾ ਨਾਲ ਮਜ਼ਦੂਰੀ ਕਰਨੀ ਸ਼ੁਰੂ ਕਰ ਦਿੱਤੀ। ਨਾਲ ਦੀ ਨਾਲ ਅੱਖਰ ਗਿਆਨ ਖਾਤਰ ਗੁਰਮੁਖੀ ਪੜ੍ਹਨੀ ਆਰੰਭ ਦਿੱਤੀ। ਜਦ ਅੰਮ੍ਰਿਤਸਰ ਪੈਰ ਲੱਗਦੇ ਨਾ ਦਿਸੇ ਤਾਂ ਪੂਰਾ ਪਰਿਵਾਰ ਰਾਜਸਥਾਨ ਨਾਨਕਿਆਂ ਕੋਲ ਚਲਾ ਗਿਆ। ਉਥੇ ਸਾਰੇ ਟੱਬਰ ਨੇ ਖ਼ੂਬ ਮੁਸ਼ੱਕਤ ਕੀਤੀ ਪਰ ਰੋਟੀ-ਟੁੱਕ ਦਾ ਮਸਲਾ ਇੱਥੇ ਵੀ ਹੱਲ ਹੁੰਦਾ ਨਾ ਦਿਸਿਆ। ਫੇਰ ਪਰਿਵਾਰ ਪੰਜਾਬ ਆ ਗਿਆ ਤੇ ਨਾਭੇ ਦੇ ਪਿੰਡ ਛੀਟਾਂਵਾਲਾ ਵਿੱਚ ਮਜਦੂਰੀ ਕਰਨ ਲੱਗਾ। ਇੱਥੋਂ ਉੱਠ ਕੇ ਪਰਿਵਾਰ ਨੂੰ ਜ਼ੀਰੇ ਆਉਣਾ ਪਿਆ। ਮਤਵਾਲੇ ਦਾ ਜੁੱਸਾ ਤਕੜਾ ਸੀ ਤੇ ਉਹ ਕਬੱਡੀ ਦਾ ਸ਼ੌਕ ਪਾਲਣ ਲੱਗਾ। ਉਸ ਨੇ ਚੰਗੀ ਮਿਹਨਤ ਕੀਤੀ ਤੇ ਵਧੀਆ ਖਿਡਾਰੀ ਸਾਬਤ ਹੋਇਆ। ਇੱਕ ਵਾਰ ਉਸ ਦੀ ਟੀਮ ਦਾ ਮੈਚ ਪਾਕਿਸਤਾਨੀ ਟੀਮ ਨਾਲ ਹੋਇਆ। ਮਤਵਾਲੇ ਨੇ ਚੰਗੇ ਜੱਫ਼ੇ ਲਾਏ ਤੇ ਉਸ ਨੂੰ ਇਨਾਮ ਵਿੱਚ ਦੋ ਨਿੱਕਰਾਂ, ਦੋ ਫਲੀਟ ਤੇ ਦੋ ਬੁਨੈਣਾਂ ਮਿਲੀਆਂ। ਇਸ ਸਨਮਾਨ ਨੂੰ ਮਤਵਾਲਾ ਅੱਜ ਵੀ ਵਾਰ-ਵਾਰ ਚੇਤੇ ਕਰਦਾ ਹੈ ਕਿਉਂਕਿ ਅਤੀਤ ਯਾਦ ਕਰਕੇ ਉਸ ਨੂੰ ਮਾਨਸਿਕ ਸਕੂਨ ਮਿਲਦਾ ਹੈ।

1957 ਦੇ ਲਾਗੇ-ਸ਼ਾਗੇ ਜ਼ੀਰਿਓਂ ਉੱਠ ਕੇ ਸਾਰਾ ਪਰਿਵਾਰ ਕੋਟਕਪੂਰੇ ਆ ਗਿਆ। ਇੱਥੇ ਮਤਵਾਲੇ ਨੇ ਜ਼ਿੰਮੀਦਾਰ ਮਹਿੰਦਰ ਸਿੰਘ ਦੇ ਘਰ ਪੰਜਾਹ ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਸੀਰਪੁਣਾ ਸ਼ੁਰੂ ਕਰ ਦਿੱਤਾ। ਛੇ ਕੁ ਮਹੀਨੇ ਮਤਵਾਲੇ ਨੇ ਇਹ ਕੰਮ ਕੀਤਾ, ਫੇਰ ਕੰਮ ਛੱਡ ਦਿੱਤਾ। ਪਰਿਵਾਰ ਦੀ ਮੁੱਖ ਲੋੜ ਰੋਟੀ-ਟੁੱਕ ਅਤੇ ਸਿਰ ਲੁਕਾਉਣ ਲਈ ਛੱਤ ਦਾ ਜੁਗਾੜ ਕਰਨਾ ਸੀ। ਮਤਵਾਲਾ ਇੱਕ ਕੰਮ ਛੱਡਦਾ ਤੇ ਦੂਜਾ ਸ਼ੁਰੂ ਕਰ ਲੈਂਦਾ, ਉਸ ਨੂੰ ਕਿਸੇ ਪਾਸਿਓਂ ਕਾਮਯਾਬੀ ਦੀ ਕੋਈ ਉਮੀਦ ਬੱਝਦੀ ਨਹੀਂ ਦਿਸਦੀ ਸੀ। 1963 ਵਿੱਚ ਮਤਵਾਲੇ ਨੇ ਗਾਉਣ ਦਾ ਮਨ ਬਣਾ ਲਿਆ। ਗਾਇਨ ਕਲਾ ਉਸ ਨੂੰ ਵਿਰਸੇ ਵਿੱਚ ਮਿਲੀ ਸੀ ਕਿਉਂਕਿ ਉਸ ਦਾ ਤਾਇਆ ਕਰਮ ਸਿੰਘ ਸੰਧੂ ਚੰਗਾ ਗਵੱਈਆ ਸੀ। ਮਤਵਾਲੇ ਨੇ ਮਦਨ ਲਾਲ ਰਾਹੀ ਨੂੰ ਉਸਤਾਦ ਧਾਰ ਲਿਆ ਤੇ ਉਨ੍ਹਾਂ ਤੋਂ ਤੂੰਬੀ ਵਜਾਉਣੀ ਸਿੱਖ ਲਈ। ਸੰਪੂਰਨ ਸਿੰਘ ਝੱਲਾ, ਦੀਪਕ ਜੈਤੋਈ, ਗੁਰਚਰਨ ਸਿੰਘ ਸਫ਼ਰੀ ਤੇ ਲਾਲ ਚੰਦ ਯਮਲਾ ਜੱਟ ਨਾਲ ਉਸ ਦੀ ਬਹਿਣੀ-ਉੱਠਣੀ ਸ਼ੁਰੂ ਹੋ ਗਈ। ਅਵਾਜ਼ ਚੰਗੀ ਹੋਣ ਕਰਕੇ ਉਸਦੀਆਂ ਤਾਰੀਫ਼ਾਂ ਦੇ ਪੁਲ ਬੱਝਣ ਲੱਗੇ ਤੇ ਉਸ ਨੂੰ



ਨਿੱਕੀਆਂ-ਮੋਟੀਆਂ ਸਟੇਜਾਂ ’ਤੇ ਗਾਉਣ ਦੇ ਮੌਕੇ ਮਿਲਣੇ ਸ਼ੁਰੂ ਹੋ ਗਏ।

ਇੱਕ ਦਿਨ ‘ਸਟਾਰ ਹਿੰਦੋਸਤਾਨ’ ਕੰਪਨੀ ਦੇ ਮਾਲਕ ਨੇ ਉਸ ਨੂੰ ਆਪਣੀ ਕੰਪਨੀ ਲਈ ਗਾਉਣ ਦੀ ਸੁਲ੍ਹਾ ਮਾਰੀ। ਮਤਵਾਲੇ ਨੇ ਹਾਮੀ ਭਰ ਦਿੱਤੀ ਤੇ ਹੌਲੀ-ਹੌਲੀ ਉਸ ਦੇ ਪੰਜ ਰਿਕਾਰਡ ਮਾਰਕੀਟ ਵਿੱਚ ਆ ਗਏ। ਰਿਕਾਰਡਾਂ ਦੇ ਆਉਂਦਿਆਂ ਹੀ ਹਰ ਪਾਸੇ ‘ਮਤਵਾਲਾ-ਮਤਵਾਲਾ’ ਹੋ ਗਈ। ਉਸ ਨੂੰ ਪ੍ਰੋਗਰਾਮ ਮਿਲਣੇ ਸ਼ੁਰੂ ਹੋ ਗਏ। ਉਹ ਜਿੱਥੇ ਗਾਉਣ ਜਾਂਦਾ, ਸੁਣਨ ਵਾਲਿਆਂ ਦੀ ਭੀੜ ਜੁੜ ਜਾਂਦੀ। ਚੜ੍ਹਤ ਦੇ ਦਿਨਾਂ ਨੂੰ ਚੇਤੇ ਕਰਦਿਆਂ ਉਹ ਦੱਸਦਾ ਹੈ ਕਿ ਲਾਲ ਚੰਦ ਯਮਲਾ ਜੱਟ ਨਾਲ ਮੇਰੀਆਂ ਪੰਜਾਹ-ਸੱਠ ਸਟੇਜਾਂ ਸਾਂਝੀਆਂ ਹੋਈਆਂ ਹੋਣਗੀਆਂ। ਮਤਵਾਲੇ ਨੇ ਬੀਬੀ ਸਵਰਨ ਲਤਾ ਨਾਲ ਵੀ ਸਟੇਜਾਂ ਲਾਈਆਂ, ਪਰ ਗ਼ਰੀਬੀ ਨੇ ਉਸ ਦਾ ਪਿੱਛਾ ਨਾ ਛੱਡਿਆ। ‘ਡਾਢੇ ਦੁੱਖ ਲੱਗੀਆਂ ਦੇ, ’ਕੱਲੀ ਟੱਕਰੇਂ ਤਾਂ ਹਾਲ ਸੁਣਾਵਾਂ’, ‘ਮੇਰੀ ਵੀਣੀ ਨਾ ਮਰੋੜ ਵੇ ਮੇਰੀ ਵੰਗ ਦੇਵੇਂਗਾ ਤੋੜ’, ‘ਦਿਓਰਾ ਵੇ ਤੇਰਾ ਲਿੱਪਾਂ ਚੁਬਾਰਾ ਗਿੱਠ-ਗਿੱਠ ਲਾਵਾਂ ਗਾਰਾ’ ਤੇ ‘ਬਾਹਵਾਂ ਗੋਰੀਆਂ ਲਿਆਵੀਂ ਵੰਗਾਂ ਕਾਲੀਆਂ, ਚੇਤੇ ਰੱਖੀਂ ਵਣਜਾਰਿਆ’ ਗੀਤ ਏਨੇ ਕੁ ਮਕਬੂਲ ਹੋਏ ਕਿ ਮਾਲਵੇ ਵਿੱਚ ਉਸ ਦੀ ਪ੍ਰਸਿੱਧੀ ਪਤੰਗ ਵਾਂਗ ਚੜ੍ਹ ਗਈ ਪਰ ਗ਼ਰੀਬੀ ਨੇ ਉਸ ਦੀ ਪਤੰਗ ਦੀ ਡੋਰ ਤੋੜ ਦਿੱਤੀ।

ਮਤਵਾਲੇ ਮੁਤਾਬਿਕ, ‘ਮੈਂ ਸੁਣਨ ਵਾਲਿਆਂ ਦੇ ਵਿੱਤ ਮੁਤਾਬਿਕ ਸੇਵਾਫ਼ਲ ਲੈਂਦਾ ਸਾਂ, ਮੇਰੀਆਂ ਜ਼ਿਆਦਾਤਰ ਸਟੇਜਾਂ ਧਾਰਮਿਕ ਹੁੰਦੀਆਂ ਸਨ ਕਿਉਂਕਿ ਸਾਡਾ ਸਾਰਾ ਪਰਿਵਾਰ ਗੁਰਸਿੱਖ ਹੈ ਤੇ ਮੈਨੂੰ ਵੀ ਗੁਰਮਤਿ ਇਤਿਹਾਸ ਬਾਰੇ ਚੰਗੀ ਜਾਣਕਾਰੀ ਹੈ।’ ਮਤਵਾਲੇ ਦਾ ਕੋਈ ਧਾਰਮਿਕ ਗੀਤ ਰਿਕਾਰਡ ਨਹੀਂ ਹੋਇਆ ਪਰ ਸਟੇਜਾਂ ’ਤੇ ਜਦੋਂ ਉਹ ਸਵ: ਸੰਪੂਰਨ ਸਿੰਘ ਝੱਲਾ ਦੇ ਲਿਖੇ ਗੀਤ ਗਾਉਂਦਾ ਤਾਂ ਸਾਰਾ ਪੰਡਾਲ ਸੁਸਰੀ ਵਾਂਗ ਸੌਂ ਜਾਂਦਾ। ਉਹ ਸ਼ੁਰੂ ਕਰਦਾ, ‘ਇੱਕ ਹਵਾ ਵਿੱਚ ਬਾਜ ਇੱਕ ਪਾਤਸ਼ਾਹ ਦਾ ਘੋੜਾ, ਸਦਾ ਨਾਲ-ਨਾਲ ਚੱਲੇ ਇੱਕ ਹੰਸਾਂ ਦਾ ਜੋੜਾ’ ਤਾਂ ਤਾੜੀਆਂ ਨਾਲ ਅਸਮਾਨ ਚੁੱਕਿਆ ਜਾਂਦਾ। ਫੇਰ ਉਹ ‘ਮਾਤਾ ਗੁਜਰੀ ਨੂੰ ਆਇਆ ਇੱਕ ਸੁਪਨਾ ਕਮਾਲ’ ਤੇ ‘ਮੇਰੇ ਅਰਸ਼ੀ ਪ੍ਰੀਤਮ ਆ ਕਿਧਰੇ ਭਾਰਤ ਵਿੱਚ ਫੇਰਾ ਪਾਵਣ ਨੂੰ’ ਗਾਉਂਦਾ ਤਾਂ ਸਟੇਜ ਲੁੱਟ ਲੈਂਦਾ।

‘ਡਾਢੇ ਦੁੱਖ ਲੱਗੀਆਂ ਦੇ, ’ਕੱਲੀ ਟੱਕਰੇਂ ਤਾਂ ਹਾਲ ਸੁਣਾਵਾਂ’, ‘ਮੇਰੀ ਵੀਣੀ ਨਾ ਮਰੋੜ ਵੇ ਮੇਰੀ ਵੰਗ ਦੇਵੇਂਗਾ ਤੋੜ’, ‘ਦਿਓਰਾ ਵੇ ਤੇਰਾ ਲਿੱਪਾਂ ਚੁਬਾਰਾ ਗਿੱਠ-ਗਿੱਠ ਲਾਵਾਂ ਗਾਰਾ’ ਤੇ ‘ਬਾਹਵਾਂ ਗੋਰੀਆਂ ਲਿਆਵੀਂ ਵੰਗਾਂ ਕਾਲੀਆਂ, ਚੇਤੇ ਰੱਖੀਂ ਵਣਜਾਰਿਆ’ ਗੀਤ ਏਨੇ ਕੁ ਮਕਬੂਲ ਹੋਏ ਕਿ ਮਾਲਵੇ ਵਿੱਚ ਉਸ ਦੀ ਪ੍ਰਸਿੱਧੀ ਪਤੰਗ ਵਾਂਗ ਚੜ੍ਹ ਗਈ ਪਰ ਗ਼ਰੀਬੀ ਨੇ ਉਸ ਦੀ ਪਤੰਗ ਦੀ ਡੋਰ ਤੋੜ ਦਿੱਤੀ।

ਦੁੱਖ ਦੀ ਗੱਲ ਇਹ ਹੈ ਕਿ ਜਿਹੜੀ ਕੰਪਨੀ ਨੇ ਮਤਵਾਲੇ ਦੇ ਰਿਕਾਰਡ ਵੇਚ-ਵੇਚ ਕੇ ਜੇਬਾਂ ਭਰੀਆਂ, ਉਸ ਨੇ ਵੀ ਉਸ ਨੂੰ ਕੋਈ ਰਾਇਲਟੀ ਨਾ ਦਿੱਤੀ, ਸਗੋਂ ਸਮੇਂ-ਸਮੇਂ ਉਸ ਦੇ ਭੋਲੇਪਣ ਦਾ ਮੌਜੂ ਹੀ ਉਡਾਇਆ। ਸਾਰੀ ਉਮਰ ਨਾ ਉਸ ਦਾ ਕੋਈ ਗੀਤ ਰੇਡੀਓ ’ਤੇ ਆਇਆ ਤੇ ਨਾ ਹੀ ਦੂਰਦਰਸ਼ਨ ’ਤੇ। ਇੱਕ ਵਾਰ ਉਹ ਰੇਡੀਓ ’ਤੇ ਆਡੀਸ਼ਨ ਦੇਣ ਗਿਆ ਪਰ ਵੇਲੇ ਦੇ ਡਾਇਰੈਕਟਰ ਨੇ ਪੈਸੇ ਲੈ ਕੇ ਕਿਸੇ ਨੂੰ ਪਾਸ ਕਰ ਦਿੱਤਾ ਤੇ ਮਤਵਾਲੇ ਨੂੰ ਬਰੰਗ ਲਿਫ਼ਾਫ਼ੇ ਵਾਂਗ ਘਰ ਭੇਜ ਦਿੱਤਾ।

ਮਤਵਾਲਾ ਸੁਰਤ ਸੰਭਲਣ ਸਾਰ ਹੀ ਬਾਦਲ ਦਲ ਨਾਲ ਜੁੜ ਗਿਆ। 1982 ਵਿੱਚ ਉਸ ਨੇ ਧਰਮ ਯੁੱਧ ਮੋਰਚੇ ਵਿੱਚ ਹਿੱਸਾ ਲਿਆ ਤੇ ਸਾਥੀਆਂ ਸਮੇਤ ਲੁਧਿਆਣਾ ਜੇਲ੍ਹ ਵਿੱਚ ਤਿੰਨ ਮਹੀਨੇ ਅਠਾਰਾਂ ਦਿਨ ਕੈਦ ਕੱਟੀ। ਕੋਟਕਪੂਰੇ ਦੇ ਸਵ: ਐਮ.ਐਲ.ਏ ਮਹਿੰਦਰ ਸਿੰਘ ਬਰਾੜ ਨਾਲ ਉਸ ਦੇ ਨੇੜਲੇ ਸਬੰਧ ਰਹੇ ਪਰ ਅਕਾਲੀ ਦਲ ਦੇ ਕਿਸੇ ਵੀ ਲੀਡਰ ਜਾਂ ਵਰਕਰ ਨੇ ਉਸ ਦੀ ਕਦੇ ਸਾਰ ਨਾ ਲਈ। ਮਤਵਾਲਾ ਅੱਖਾਂ ਭਰ ਕੇ ਦੱਸਦਾ ਹੈ, ‘ਦੋ ਵਾਰ ਮੈਂ ਆਪਣੇ ਇੱਕ ਸੱਜਣ ਨੂੰ ਨਾਲ ਲੈ ਚੰਡੀਗੜ੍ਹ ਬਾਦਲ ਹੁਰਾਂ ਦੇ ਦਰਸ਼ਨਾਂ ਲਈ ਗਿਆ, ਪਰ ਉਸ ਦੇ ਅਧਿਕਾਰੀਆਂ ਨੇ ਕੌਡੀ ਜਿੰਨੀ ਕਦਰ ਨਾ ਕੀਤੀ, ਸਗੋਂ ਉਸ ਨੂੰ ਉਨ੍ਹੀਂ ਪੈਰੀਂ ਇਹ ਕਹਿ ਕੇ ਵਾਪਸ ਮੋੜ ਦਿੱਤਾ, ‘ਉਹ ਸਾਰਿਆਂ ਨੂੰ ਆਪ ਨਹੀਂ ਮਿਲਦੇ।’

ਜਦੋਂ ਤਵਿਆਂ ਵਾਲੇ ਰਿਕਾਰਡਾਂ ਦੇ ਦੌਰ ਦਾ ਭੋਗ ਪੈ ਗਿਆ ਤਾਂ ਮਤਵਾਲੇ ਦੀ ਚੜ੍ਹਤ ਦੀ ਪੁੱਠੀ ਗਿਣਤੀ ਸ਼ੁਰੂ ਹੋ ਗਈ। ਰਿਕਸ਼ਾ ਯੂਨੀਅਨ ਨੇ ਉਸ ਨੂੰ ਪ੍ਰਧਾਨ ਚੁਣ ਲਿਆ ਤੇ ਹੁਣ ਤੱਕ ਉਹ ਯੂਨੀਅਨ ਦਾ ਪ੍ਰਧਾਨ ਚਲਿਆ ਆਉਂਦਾ ਹੈ। ਰਿਕਸ਼ਾ ਵਾਹ ਕੇ ਮਤਵਾਲਾ ਕਦੇ ਸੌ ਰੁਪਿਆ ਕਮਾ ਲੈਂਦਾ ਤੇ ਕਦੇ ਉਸ ਦੀ ਦਿਹਾੜੀ ਪੰਜਾਹਾਂ-ਸੱਠਾਂ ਦੀ ਰਹਿ ਜਾਂਦੀ। ਪਿੱਛੇ ਜਿਹੇ ਜਦੋਂ ਕਨੇਡਾ ਦੇ ‘ਹਮਦਰਦ’ ਅਤੇ ਇੰਗਲੈਂਡ ਦੇ ‘ਦੇਸ ਪ੍ਰਦੇਸ’ ਅਖ਼ਬਾਰ ਵਿੱਚ ਉਸ ਦੀ ਗੁਰਬਤ ਬਾਰੇ ਲੇਖ ਛਪੇ ਤਾਂ ਕਈ ਸੱਜਣਾਂ ਨੇ ਤਰਸ ਖਾ ਕੇ ਉਸ ਦੀ ਆਰਥਿਕ ਮੱਦਦ ਕੀਤੀ। ਉਸ ਦੇ ਦੋ ਬੇਟੇ ਰਿਕਸ਼ਾ ਚਲਾਉਂਦੇ ਹਨ ਅਤੇ ਦੋ ਮਜਦੂਰੀ ਕਰਦੇ ਨੇ। ਉਸ ਮੁਤਾਬਕ, ‘ਨਵੇਂ ਗਾਉਣ ਵਾਲਿਆਂ ਤੋਂ ਮੈਨੂੰ ਡਾਢੀ ਨਫ਼ਰਤ ਹੈ ਕਿਉਂਕਿ ਨਾ ਤਾਂ ਇਨ੍ਹਾਂ ਨੂੰ ਬੋਲਾਂ ਦੀ ਸੁੱਚਤਾ ਬਾਰੇ ਪਤਾ ਹੈ ਤੇ ਨਾ ਗਾਉਣ ਦੇ ਢੰਗ ਬਾਰੇ।’ ਨਵਿਆਂ ’ਚੋਂ ਸਿਰਫ਼ ਗੁਰਦਾਸ ਮਾਨ ਨੂੰ ਉਹ ਚੰਗਾ ਸਮਝਦਾ ਹੈ ਕਿਉਂਕਿ ਉਸ ਦੇ ਗੀਤਾਂ ਦੇ ਬੋਲ ਚੰਗੇ ਹੁੰਦੇ ਹਨ। ਉਹ ਆਖਦਾ ਹੈ, ‘ਗੁਰਦਾਸ ਦੇ ਗੀਤ ‘ਲੱਖ ਪ੍ਰਦੇਸੀ ਹੋਈਏ’ ਵਿਚਲੀ ਸਤਰ ‘ਮਾੜੇ ਬੰਦੇ ਵਿੱਚ ਵੀ ਕੋਈ ਗੁਣ ਚੰਗਾ ਹੋਵੇਗਾ’ ਮੈਨੂੰ ਗੁਰਬਾਣੀ ਦੀ ਤੁਕ ਵਰਗੀ ਜਾਪਦੀ ਹੈ।’

ਹੁਣ ਜੋਗਿੰਦਰ ਸਿੰਘ ਮਤਵਾਲਾ ਕੋਟਕਪੂਰਾ ਦੀ ਜਲਾਲੇਆਣਾ ਸੜਕ ’ਤੇ ਸਥਿਤ ਸੁਰਗਾਪੁਰੀ ਮੁਹੱਲੇ ਵਿੱਚ ਰਹਿੰਦਾ ਹੈ। ਉਸ ਕੋਲ ਨਾ ਆਪਣੇ ਗਾਉਣ ਵਾਲੀ ਕੋਈ ਫੋਟੋ ਹੈ ਤੇ ਨਾ ਹੀ ਆਪਣਾ ਕੋਈ ਰਿਕਾਰਡ ਕਿਉਂਕਿ ਇੱਕ ਵਾਰ ਜਦੋਂ ਭਾਰੀ ਮੀਂਹ ਆਇਆ ਤਾਂ ਉਨ੍ਹਾਂ ਦੇ ਕੱਚੇ ਕੋਠੇ ਦੀ ਛੱਤ ਡਿੱਗ ਪਈ, ਸੋ ਸਾਰਾ ਕੁੱਝ ਹੇਠਾਂ ਦਬ ਗਿਆ। ਮਤਵਾਲੇ ਦੀਆਂ ਅੱਖਰਾਂ ਦੇ ਸੁੱਕੇ ਅੱਥਰੂ, ਮੈਲੇ ਜਿਹੇ ਕੱਪੜੇ, ਹੱਡੀਆਂ ਦੀ ਮੁੱਠ ਸਰੀਰ ਤੇ ਝੰਵਿਆਂ ਚਿਹਰਾ ਸਾਡੇ ਸੱਭਿਆਚਾਰ ਹਿਤੈਸ਼ੀਆਂ, ਮਤਲਬਖੋਰ ਸਰਕਾਰਾਂ ਤੇ ਅਕਲੋਂ ਊਣੇ ਸਰੋਤਿਆਂ ਦੀ ਕਹਾਣੀ ਬਿਆਨ ਕਰਦਾ ਹੈ। ਉਸ ਦੀ ਅੱਖੀਂ ਡਿੱਠੀ ਹਾਲਤ ਦੇਖ ਕੇ ਮਨ ਵਿੱਚ ਵਾਰ-ਵਾਰ ਖਿਆਲ ਆਉਂਦੇ ਹਨ ਕਿ ਜੇ ਕਿਤੇ ਸਾਡੀਆਂ ਸੱਭਿਆਚਾਰਕ ਸੰਸਥਾਵਾਂ ਦੇ ਪ੍ਰਧਾਨ ਅਤੇ ਦੁਖੀਆਂ ਦੇ ਦਰਦੀ ਅਖਵਾਉਣ ਵਾਲੇ ਲੀਡਰ ਸੱਚੀ ਨੀਤ ਨਾਲ ਇਹੋ ਜਿਹੇ ਦੁਖਿਆਰੇ ਗਾਇਕਾਂ ਦੀ ਸਾਰ ਲੈਣ ਲੱਗ ਜਾਣ ਤਾਂ ਪੰਜਾਬੀ ਗਾਇਕੀ ਦੇ ਇਨ੍ਹਾਂ ਥੰਮਾਂ ਦੇ ਅੰਤਲੇ ਪਲ਼ ਸੁਖਮਈ ਬਤੀਤ ਹੋ ਸਕਦੇ ਹਨ।

-ਸਵਰਨ ਸਿੰਘ ਟਹਿਣਾ

# ਜੇਕਰ ਸਾਰੀਆਂ ਪਾਰਟੀਆਂ ਇੱਕ ਹੋ ਗਈਆਂ ਤਾਂ ਭਾਜਪਾ ਦਾ ਜਿੱਤਣਾ ਅਸੰਭਵ-ਰਾਹੁਲ

ਨਵੀਂ ਦਿੱਲੀ- ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਵਿਰੋਧੀ ਗਠਜੋੜ 'ਇੰਡੀਅਨ ਨੈਸ਼ਨਲ ਡੈਮੋਕ੍ਰੇਟਿਕ ਇਨਕਲੂਸਿਵ ਅਲਾਇੰਸ' (ਇੰਡੀਆ) ਵਿਚ ਸ਼ਾਮਲ ਘਟਕ ਦਲ ਦੇਸ਼ ਦੀ 60 ਫੀਸਦੀ ਆਬਾਦੀ ਦੀ ਨੁਮਾਇੰਦਗੀ ਕਰਦੇ ਹਨ ਅਤੇ ਜੇਕਰ ਉਹ ਇਕੱਠੇ ਹੋ ਕੇ ਚੋਣ ਲੜਨਗੇ ਤਾਂ ਭਾਰਤੀ ਜਨਤਾ ਪਾਰਟੀ ਲਈ ਜਿੱਤ ਅਸੰਭਵ ਹੋ ਜਾਵੇਗੀ। ਵਿਰੋਧੀ ਗਠਜੋੜ 'ਇੰਡੀਆ' ਦੀ ਬੈਠਕ ਤੋਂ ਬਾਅਦ ਰਾਹੁਲ ਗਾਂਧੀ ਨੇ ਕਿਹਾ,"ਦੋ ਮੁੱਖ ਗੱਲਾਂ ਹਨ। ਪਹਿਲੀ ਇਹ ਕਿ ਇਸ ਤਾਲਮੇਲ ਕਮੇਟੀ ਦੇ ਅਧੀਨ ਇਕ ਤਾਲਮੇਲ ਕਮੇਟੀ ਅਤੇ ਕਮੇਟੀਆਂ ਹੋਣਗੀਆਂ। ਦੂਜੀ ਗੱਲ ਇਹ ਹੈ ਕਿ ਅਸੀਂ ਸੀਟਾਂ ਦੀ ਵੰਡ 'ਤੇ ਸਾਰੀਆਂ ਚਰਚਾਵਾਂ ਅਤੇ ਫੈਸਲਿਆਂ 'ਚ ਤੇਜ਼ੀ ਲਿਆਵਾਂਗੇ ਅਤੇ ਉਨ੍ਹਾਂ ਨੂੰ ਜਲਦ ਤੋਂ ਜਲਦ ਪੂਰਾ ਕਰਾਂਗੇ।" ਉਨ੍ਹਾਂ ਨੇ ਵਿਰੋਧੀ ਧਿਰ ਦੇ ਕਈ ਨੇਤਾਵਾਂ ਦੀ ਮੌਜੂਦਗੀ 'ਚ ਕਿਹਾ,"ਇਹ ਸਟੇਜ 60 ਫੀਸਦੀ ਭਾਰਤੀ ਜਨਸੰਖਿਆ ਦਾ ਪ੍ਰਤੀਨਿਧੀਤੱਵ ਕਰਦਾ ਹੈ। ਜੇਕਰ ਇਸ ਮੰਚ 'ਤੇ ਸਾਰੀਆਂ ਪਾਰਟੀਆਂ ਇਕਜੁੱਟ ਹੋ ਗਈਆਂ ਤਾਂ ਭਾਜਪਾ ਲਈ ਚੋਣਾਂ ਜਿੱਤਣਾ ਅਸੰਭਵ ਹੋ ਜਾਵੇਗਾ।"





ਰਾਹੁਲ ਨੇ ਕਿਹਾ,"ਮੈਨੂੰ ਪੂਰਾ ਭਰੋਸਾ ਹੈ ਕਿ 'ਇੰਡੀਆ' ਗਠਜੋੜ ਭਾਜਪਾ ਨੂੰ ਹਰਾ ਦੇਵੇਗਾ। ਇਸ ਗਠਜੋੜ ਵਿਚ ਅਸਲ ਕੰਮ ਇਸ ਗਠਜੋੜ ਦੇ ਆਗੂਆਂ ਦੇ ਆਪਸੀ ਸਬੰਧਾਂ ਦਾ ਹੈ। ਮੈਂ ਭਰੋਸੇ ਨਾਲ ਕਹਿ ਸਕਦਾ ਹਾਂ ਕਿ ਇਨ੍ਹਾਂ ਮੀਟਿੰਗਾਂ ਨੇ ਸਾਰੇ ਨੇਤਾਵਾਂ ਵਿਚਕਾਰ ਤਾਲਮੇਲ ਬਣਾਉਣ ਅਤੇ ਇਹ ਯਕੀਨੀ ਬਣਾਉਣ ਵਿੱਚ ਬਹੁਤ ਵੱਡਾ ਕੰਮ ਕੀਤਾ ਹੈ ਕਿ ਅਸੀਂ ਸਾਰੇ ਮਿਲ ਕੇ ਕੰਮ ਕਰੀਏ। ਉਨ੍ਹਾਂ ਮੁਤਾਬਕ, "ਮੈਂ ਦੇਖ ਸਕਦਾ ਹਾਂ ਕਿ ਜਿਸ ਤਰ੍ਹਾਂ ਨਾਲ ਅਸੀਂ ਚੀਜ਼ਾਂ ਨੂੰ ਦੇਖ ਰਹੇ ਹਾਂ, ਉਸ 'ਚ ਸਾਰੇ ਨੇਤਾਵਾਂ 'ਚ ਲਚੀਲਾਪਨ ਹੈ।" ਅਡਾਨੀ ਨਾਲ ਜੁੜੇ ਮਾਮਲੇ ਦਾ ਜ਼ਿਕਰ ਕਰਦੇ ਹੋਏ ਰਾਹੁਲ ਗਾਂਧੀ ਨੇ ਦੋਸ਼ ਲਗਾਇਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਇਕ ਖਾਸ ਕਾਰੋਬਾਰੀ ਵਿਚਾਲੇ ਮਿਲੀਭਗਤ ਸਾਰਿਆਂ ਦੇ ਸਾਹਮਣੇ ਹੈ। ਉਨ੍ਹਾਂ ਕਿਹਾ,"ਪ੍ਰਧਾਨ ਮੰਤਰੀ ਅਤੇ ਭਾਜਪਾ ਦਾ ਭ੍ਰਿਸ਼ਟਾਚਾਰ ਨਾਲ ਗਠਜੋੜ ਹੈ। ਇਹ ਸਭ ਤੋਂ ਪਹਿਲਾਂ 'ਇੰਡੀਆ' ਗਠਜੋੜ ਲੋਕਾਂ ਦੇ ਸਾਹਮਣੇ ਬੇਨਕਾਬ ਅਤੇ ਸਾਬਤ ਕਰੇਗਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਦਾ ਵਿਚਾਰ ਗਰੀਬਾਂ ਤੋਂ ਪੈਸਾ ਕੱਢ ਕੇ ਸੀਮਿਤ ਗਿਣਤੀ ਲੋਕਾਂ ਤੱਕ ਪਹੁੰਚਾਉਣਾ ਹੈ।"

ਰਾਹੁਲ ਨੇ ਕਿਹਾ ਕਿ ਇਹ ਗਠਜੋੜ ਜੋ ਵਿਚਾਰ ਪੇਸ਼ ਕਰਨ ਜਾ ਰਿਹਾ ਹੈ ਉਹ ਇਕ ਵਾਰ ਮੁੜ ਗਰੀਬਾਂ ਨੂੰ ਇਸ ਦੇਸ਼ ਦੀ ਤਰੱਕੀ 'ਚ ਸ਼ਾਮਲ ਕਰੇਗਾ। ਉਨ੍ਹਾਂ ਨੇ ਆਪਣੇ ਹਾਲੀਆ ਲੱਦਾਖ ਦੌਰੇ ਦਾ ਜ਼ਿਕਰ ਕਰਦੇ ਹੋਏ ਕਿਹਾ,"ਮੈਂ ਲੱਦਾਖ 'ਚ ਇਕ ਹਫ਼ਤਾ ਬਿਤਾਇਆ। ਮੈਂ ਪੈਂਗੌਂਗ ਝੀਲ 'ਤੇ ਗਿਆ, ਜਿੱਥੇ ਉਸ ਦੇ ਠੀਕ ਸਾਹਮਣੇ ਚੀਨੀ ਹਨ। ਲੱਦਾਖ ਦੇ ਲੋਕਾਂ ਨਾਲ ਮੇਰੀ ਵਿਸਤ੍ਰਿਤ ਚਰਚਾ ਹੋਈ। ਕਾਂਗਰਸ ਨੇਤਾ ਨੇ ਦਾਅਵਾ ਕੀਤਾ,"ਉੱਥੇ ਲੋਕਾਂ ਨੇ ਮੈਨੂੰ ਸਪੱਸ਼ਟ ਰੂਪ ਨਾਲ ਦੱਸਿਆ ਕਿ ਪ੍ਰਧਾਨ ਮੰਤਰੀ ਇਸ ਤੱਥ ਬਾਰੇ ਝੂਠ ਬੋਲ ਰਹੇ ਕਿ ਚੀਨ ਨੇ ਭਾਰਤੀ ਜ਼ਮੀਨ ਨਹੀਂ ਲਈ ਹੈ। ਲੱਦਾਖ ਦਾ ਇਕ-ਇਕ ਵਿਅਕਤੀ ਜਾਣਦਾ ਹੈ ਕਿ ਭਾਰਤ ਦੇ ਲੋਕਾਂ ਨੂੰ, ਲੱਦਾਖ ਦੇ ਲੋਕਾਂ ਨੂੰ ਭਾਰਤ ਨੇ ਧੋਖਾ ਦਿੱਤਾ ਹੈ।" ਉਨ੍ਹਾਂ ਕਿਹਾ ਕਿ ਲੱਦਾਖ 'ਚ ਜੋ ਹੋਇਆ ਹੈ, ਉਹ ਬੇਹੱਦ ਸ਼ਰਮਨਾਕ ਹੈ।







# ਦਰਿੰਦਾ ਬਾਪ



ਸਾਡੇ ਦਫਤਰ ਦੇ ਕੋਲ ਈ ਸੈਕੰਡਰੀ ਸਕੂਲ ਸੀ ਅਤੇ ਸਕੂਲ ਦਾ ਹੈੱਡਟੀਚਰ ਅਤੇ ਡਿਪਟੀ ਹੈੱਡਟੀਚਰ ਮੇਰੇ ਵਾਕਿਫ ਸਨ। ਇਸੇ ਕਰਕੇ ਜਿਸ ਦਿਨ ਮਨਜੀਤ ਦਾ ਕੇਸ ਸਾਨੂੰ ਰੈਫਿਰ ਹੋਇਆ ਡਿਪਟੀ ਹੈੱਡ ਨੇ ਮੇਰੇ ਨਾਲ ਸਿੱਧਾ ਸੰਪਰਕ ਕਰ ਲਿਆ। "ਹਰੀਸ਼ ਕੇਸ ਬਹੁਤ ਸੀਰੀਅਸ ਆ, ਬਸ ਫੌਰਨ ਸਕੂਲੇ ਆ ਜਾ।" ਮੈਂ ਪੁੱਛਿਆ, "ਕਿੰਨ੍ਹਾਂ ਕੁ ਸੀਰੀਅਸ ਆ?" ਤਾਂ ਡਿਪਟੀ ਹੈੱਡ ਦੱਸਿਆ, "ਸੈਕਸੂਅਲ ਚਾਈਲਡ ਐਬਯੂਜ਼ ਦਾ ਏਸ਼ੀਅਨ ਕੇਸ ਆ।" ਮੈਂ ਡਿਪਟੀ ਹੈੱਡ ਨੂੰ ਕਿਹਾ ਕਿ, "ਆਪਣੇ ਲਾਈਨ ਮੈਨੇਜ਼ਰ ਨੂੰ ਦੱਸ ਕੇ ਤੁਹਾਡੇ ਕੋਲ ਫੌਰਨ ਪਹੁੰਚਦਾਂ।" ਮੈਨੇਜ਼ਰ ਤੋਂ ਜਾਣ ਦੀ ਹਰੀ ਝੰਡੀ ਲੈ ਕੇ ਮੈਂ ਸਕੂਲ ਜਾ ਪਹੁੰਚਾ। ਡਿਪਟੀ ਹੈੱਡ ਜੋ ਸਕੂਲ ਵਿਚ ਚਾਈਲਡ ਪ੍ਰੋਟੈਕਸ਼ਨ ਦੀ ਇਨਚਾਰਜ਼ ਸੀ ਆਪਣੇ ਦਫਤਰ ਵਿਚ ਇਕ 16 ਸਾਲਾ ਏਸ਼ੀਅਨ ਕੁੜੀ ਨਾਲ ਬੈਠੀ ਮੇਰਾ ਇੰਤਜ਼ਾਰ ਕਰ ਰਹੀ ਸੀ। ਡਿਪਟੀ ਹੈੱਡ ਨੇ ਮੇਰੀ ਏਸ਼ੀਅਨ ਲੜਕੀ ਨਾਲ ਵਾਕਫੀ ਕਰਾਈ, "ਇਹਦਾ ਨਾ ਮਨਜੀਤ ਆ। ਇਹਦੇ ਨਾਲ ਜੋ ਜੋ ਹੁੰਦਾ ਰਿਹਾ ਇਹ ਆਪ ਈ ਦੱਸੇਗੀ। ਮੈਨੂੰ ਇੱਕ ਕਲਾਸ ਵਿਚ ਜਾਣਾ ਪੈਣਾਂ। ਤੁਸੀਂ ਮੇਰੇ ਦਫਤਰ 'ਚ ਬੈਠ ਕੇ ਹੀ ਸਾਰੀ ਗੱਲਬਾਤ ਕਰ ਲਵੋ। ਹਾਂ ਸੱਚ, ਮਨਜੀਤ, ਇਹ ਹਰੀਸ਼ ਸੀਨੀਅਰ ਸੋਸ਼ਲ ਵਰਕਰ!"

ਡਿਪਟੀ ਹੈੱਡਟੀਚਰ ਦੇ ਜਾਣ ਤੋਂ ਬਾਦ ਮੈਂ ਮਨਜੀਤ ਨੂੰ ਪੁੱਛਿਆ ਕਿ ਉਹਦੇ ਨਾਲ ਕੀ ਹੋਇਆ ਸੀ? ਏਸ਼ੀਅਨ ਹੋਣ ਕਰਕੇ ਉਹ ਮੇਰੇ ਨਾਲ ਗੱਲ ਕਰਨ ਤੋਂ ਝਿਜਕ ਰਹੀ ਸੀ। ਮੈਂ ਹੌਂਸਲਾ ਦਿੰਦੇ ਕਿਹਾ, "ਬੇਟਾ, ਮੈਂ ਤੇਰੀ ਮੱਦਦ ਲਈ ਆਇਆਂ। ਤੂੰ ਨਿਝੱਕ ਹੋ ਕੇ ਸਾਰੀ ਗੱਲ ਮੈਨੂੰ ਦੱਸ ਦੇ ?" ਮਨਜੀਤ ਨੂੰ ਥੋੜ੍ਹਾ ਹੌਂਸਲਾ ਹੋਇਆ ਅਤੇ ਉਹਨੇ ਦੱਸਣਾ ਸ਼ੁਰੂ ਕੀਤਾ, "ਮੇਰਾ ਡੈਡ ਮੈਨੂੰ ਪਿਛਲੇ ਛੇ ਮਹੀਨੇ ਤੋਂ ਰੇਪ ਕਰਦਾ ਆ ਰਿਹਾ।" ਇਸ ਤੋਂ ਬਾਦ ਮਨਜੀਤ ਰੋਣ ਲੱਗ ਪਈ ਅਤੇ ਕੋਈ ਗੱਲ ਨਾ ਕਰ ਸਕੀ। ਸਿੱਧੀ ਸਾਧੀ ਅਤੇ ਸਾਧਾਰਨ ਕੱਪੜੇ ਪਾਈ ਮਨਜੀਤ ਵੱਲ ਦੇਖ ਕੇ ਮੈਨੂੰ ਬੜਾ ਤਰਸ ਆਇਆ ਅਤੇ ਉਹਦੇ ਅਸਲੀ ਬਾਪ ਦੀ ਕਰਤੂਤ ਸੁਣ ਕੇ ਮੇਰਾ ਮਨ ਰੋਹ ਨਾਲ ਪਾਟਣ ਲੱਗਾ। ਮੈਂ ਮਨਜੀਤ ਨੂੰ ਸਾਰੀ ਗੱਲ ਜਾਨਣ ਤੋਂ ਬਿਨਾਂ ਛੱਡ ਕੇ ਜਾ ਨਹੀਂ ਸੀ ਸਕਦਾ। ਮੈਂ ਦਫਤਰ ਫੋਨ ਕਰਕੇ ਆਪਣੀ ਕੁਲੀਗ ਮੁਹਿੰਦਰ ਨੂੰ ਬੁਲਾ ਲਿਆ ਕਿ ਮਨਜੀਤ ਨਾਲ ਇਕੱਲਿਆਂ ਉਹ ਸਾਰੀ ਗੱਲਬਾਤ ਕਰੇ। ਮੈਂ ਸਕੂਲ ਸੈਕ੍ਰੇਟਰੀ ਨਾਲ ਗੱਲ ਕਰਕੇ ਇੱਕ ਕਮਰੇ ਵਿਚ ਚਲਾ ਗਿਆ ਅਤੇ ਪੁਲੀਸ ਨਾਲ ਸੰਪਰਕ ਕਰ ਲਿਆ ਕਿ, "ਸੈਕਸੂਅਲ ਚਾਈਲਡ ਐਬਯੂਜ਼ ਦਾ ਕੇਸ ਆ ਅਤੇ ਸਾਰੀ ਜਾਣਕਾਰੀ ਮੈਂ ਕੁਝ ਹੀ ਮਿੰਟਾਂ 'ਚ ਦਿੰਦਾਂ।" ਇਸ ਤੋਂ ਬਾਦ ਮੈਂ ਫੋਸਟਰ ਪੈਰੇਂਟਸ ਅਤੇ ਬੱਚਿਆਂ ਦੇ ਰਹਿਣ ਵਾਲੇ ਸਰਕਾਰੀ ਘਰਾਂ ਨਾਲ ਸੰਪਰਕ ਕੀਤਾ ਕਿ ਉਥੇ ਕੋਈ ਖਾਲੀ ਥਾਂ ਹੈ ਜਾਂ ਨਹੀਂ ਤਾਂ ਕਿ ਅਗਰ ਲੋੜ ਪਈ ਤਾਂ ਮਨਜੀਤ ਨੂੰ ਉਥੇ ਰੱਖਿਆ ਜਾ ਸਕੇ।

ਹੁਣ ਮੁਹਿੰਦਰ ਨੇ ਮਨਜੀਤ ਤੋਂ ਸਾਰੀ ਜਾਣਕਾਰੀ ਲੈ ਲਈ ਸੀ। ਮੁਹਿੰਦਰ ਨੇ ਮੈਨੂੰ ਦੱਸਿਆ, "ਮਨਜੀਤ ਨਾਲ ਉਹਦਾ ਬਾਪ ਇਹ ਬਦਮਾਸ਼ੀਆਂ ਸਕੂਲ ਤੋਂ ਬਾਦ ਕਰਦੈ। ਸਕੂਲ ਤੋਂ ਘਰ ਆਪਣੀ ਕਾਰ ਵਿਚ ਲੈ ਕੇ ਜਾਂਦਾ। ਘਰ ਵਿਚ ਮਨਜੀਤ ਦੀ ਦਾਦੀ ਅਤੇ ਦੋ ਛੋਟੇ ਭਰਾ ਵੀ ਆ। ਘਰ ਜਾਣ ਤੋਂ ਬਾਦ ਸਭ ਨੂੰ ਕੁੱਝ ਖੁਆ ਪੁਲਾ ਕੇ ਦਾਦੀ ਤੇ ਛੋਟੇ ਭਰਾਵਾਂ ਨੂੰ ਉਪਰ ਬੈੱਡਰੂਮ ਵਿਚ ਭੇਜ ਦਿੰਦਾ। ਪੌੜੀਆਂ ਨੂੰ ਲੱਗੇ ਲੰਬੇ ਗੇਟ ਨੂੰ ਜ਼ਿੰਦਾ ਲਾ ਕੇ ਫਿਰ ਮਨਜੀਤ ਨਾਲ ਹਰ ਰੋਜ਼ ਜ਼ਬਰਦਸ਼ਤੀ ਕਰਦੈ। ਮਨਜੀਤ ਦੀ ਮਾਂ ਕਿਸੇ ਫੈਕਟਰੀ ਵਿਚ ਕੰਮ ਕਰਦੀ ਆ ਅਤੇ ਉਹ ਕੰਮ ਤੋਂ ਵਾਪਿਸ ਛੇ ਵਜੇ ਆਉਂਦੀ ਆ। ਮਨਜੀਤ ਦੀ ਮਾਂ ਨੂੰ ਇਸ ਬਾਰੇ ਕੁੱਝ ਨਹੀਂ ਪਤਾ। ਇਹਦੇ ਡੈਡ ਨੇ ਇਹਨੂੰ ਐਨਾ ਡਰਾਇਆ ਕਿ ਜੇ ਕਿਸੇ ਕੋਲ ਕੋਈ ਗੱਲ ਕੀਤੀ ਤਾਂ ਉਹ ਸਾਰੇ ਟੱਬਰ ਨੂੰ ਮਾਰ ਦੇਵੇਗਾ। ਹੁਣ ਵੀ ਮਨਜੀਤ ਨੇ ਤਾਂ ਗੱਲ ਕੀਤੀ ਆ ਕਿ ਉਹਦੇ ਤੋਂ ਹੋਰ ਬਰਦਾਸ਼ਤ ਲਹੀਂ ਸੀ ਹੋ ਰਿਹਾ ਅਤੇ ਉਹਦਾ ਪੜ੍ਹਾਈ ਵਿਚ ਮਨ ਨਹੀਂ ਸੀ ਲੱਗ ਰਿਹਾ। ਉਹ ਕਲਾਸ ਵਿਚ ਚੁੱਪ ਗੜੁੱਪ ਬੇਠੀ ਰਹਿੰਦੀ ਆ।" ਮਨਜੀਤ ਨੇ ਇਹ ਵੀ ਦੱਸਿਆ ਕਿ, "ਉਹਦਾ ਡੈਡ ਇੱਕ ਸਾਲ ਤੋਂ ਕੰਮ ਨਹੀਂ ਕਰਦਾ ਅਤੇ ਘਰ ਬੈਠਾ ਆਪਣੇ ਬੈੱਡਰੂਮ ਵਿਚ ਅਸ਼ਲੀਲ ਫਿਲਮਾਂ ਦੇਖਦਾ ਰਹਿੰਦਾ। ਆਪਣੀ ਮਾਂ ਨੂੰ ਉਹ ਕਦੇ ਕਦੇ ਗੁਰਦੁਆਰੇ ਵੀ ਛੱਡ ਆਉਂਦਾ। ਉਹਦੇ ਛੋਟੇ ਭੈਣ ਭਰਾ ਨੂੰ ਉਹਦੀ ਦਾਦੀ ਈ ਸਕੂਲ ਤੋਂ ਲੈ ਕੇ ਆਉਂਦੀ ਆ। ਅਤੇ ਨਾਲੇ ਘਰ ਵਿਚ ਰੋਟੀ ਵੀ ਉਹ ਈ ਬਣਾਉਂਦੀ ਆ।"ਮੈਂ ਅਤੇ ਮੁਹਿੰਦਰ, ਮਨਜੀਤ ਨੂੰ ਹੁਣ ਹਸਪਤਾਲ ਲੈ ਗਏ ਤਾਂ ਕਿ ਉਹਦਾ ਡਾਕਟਰੀ ਮੁਆਇਨਾ ਕਰਵਾ ਕੇ ਰਿਪੋਰਟ ਲੈ ਲਈ ਜਾਵੇ। ਇਸ ਬਾਰੇ ਮੈਂ ਸਕੂਲ ਅਤੇ ਪੁਲੀਸ ਨੂੰ ਦੱਸ ਦਿੱਤਾ। ਸਕੂਲ ਟਾਈਮ ਤੋਂ ਬਾਦ ਮੈਂ ਮੁਹਿੰਦਰ ਨੂੰ ਕਿਹਾ ਕਿ, "ਉਹ ਮਨਜੀਤ ਦੀ ਦਾਦੀ ਨੂੰ ਫੋਨ ਕਰ ਦੇਵੇ ਕਿ ਮਨਜੀਤ ਘਰ ਲੇਟ ਆਵੇਗੀ ਅਤੇ ਉਹ ਸੋਸ਼ਲ ਸਰਵਿਸਜ਼ ਦੀ ਹਿਫਾਜ਼ਤ ਵਿਚ ਆ।"

ਡਾਕਟਰੀ ਰਿਪੋਰਟ ਤੋਂ ਬਾਦ ਮੈਂ ਪੁਲੀਸ ਸਟੇਸ਼ਨ ਚਲਾ ਗਿਆ ਅਤੇ ਮੁਹਿੰਦਰ ਨੂੰ ਕਹਿ ਗਿਆ ਕਿ, "ਉਹ ਮਨਜੀਤ ਨੂੰ ਲੈ ਕੇ ਦਫਤਰ ਚਲੀ ਜਾਵੇ ਅਤੇ ਮੇਰਾ ਇੰਤਜ਼ਾਰ ਕਰੇ। ਨਾਲੇ ਮਨਜੀਤ ਨੂੰ ਕੁਝ ਖਿਲਾ ਵੀ ਦੇਵੇ।" ਮਨਜੀਤ ਦੀ ਡਾਕਟਰੀ ਰਿਪੋਰਟ ਸਪੱਸ਼ਟ ਕਰ ਦਿੱਤਾ ਸੀ ਕਿ ਉਹਦਾ ਸਕਾ ਪਿਉ ਉਹਦੇ ਨਾਲ ਆਪਣੀ ਕਾਮਹਵਸ ਪੂਰੀ ਕਰਦਾ ਰਿਹਾ ਸੀ।

ਮੈਂ ਜਦ ਪੁਲੀਸ ਸਟੇਸ਼ਨ ਗਿਆ ਤਾਂ ਮਨਜੀਤ ਦਾ ਪਿਉ ਨੀਵੀਂ ਪਾ ਕੇ ਬੈਠਾ ਸੀ। ਚਾਲ੍ਹੀਆਂ ਕੁ ਨੂੰ ਢੁੱਕਿਆ ਮਨਜੀਤ ਦਾ ਬਾਪ ਦੇਖਣ ਨੂੰ ਬੀਬਾ ਲੱਗਦਾ ਸੀ। ਸਿਰ ਤੇ ਪੱਗ ਅਤੇ ਦਾੜ੍ਹੀ ਕੇਸ ਰੱਖੇ ਹੋਏ ਸਨ। ਪੁਲੀਸ ਨੇ ਇੰਟਰਪੈਰਟਰ (ਬਾਤੂ) ਦਾ ਪਹਿਲਾਂ ਈ ਬੰਦੋਬਸਤ ਕਰ ਰੱਖਿਆ ਸੀ। ਪੁਲੀਸ ਨੇ "ਬਾਤੂ" ਦੇ ਜ਼ਰੀਏ ਜਦ ਮਨਜੀਤ ਦੇ ਬਾਪ ਨੂੰ ਪੁੱਛ ਗਿੱਛ ਕੀਤੀ ਤਾਂ ਉਹ ਸਾਫ ਮੁਕਰ ਗਿਆ ਕਿ ਉਹਨੇ ਕਦੇ ਮਨਜੀਤ ਨਾਲ ਕੋਈ ਬਦਫੈਲੀ ਕੀਤੀ ਸੀ। ਸਗੋਂ ਉਲਟੀ ਦਲੀਲ ਦਿੱਤੀ ਕਿ, "ਇੱਥੇ ਦੇ ਨਿਆਣਿਆਂ ਦਾ ਕੀ ਪਤੈ ਕੀ ਕਰਦੇ ਫਿਰਦੇ ਆ! ਨਾਲੇ ਜੀ ਮੈਂ ਤਾਂ ਗੁਰਸਿੱਖ ਆਦਮੀ ਆਂ।" ਮੈਂ ਹੁਣ ਵਿਚ ਬੋਲ ਪਿਆ, "ਕੀ ਗੁਰਸਿੱਖ ਹੋਣੈਂ ਬਦਮਾਸ਼ੀਆਂ ਨਾ ਕਰਨ ਦਾ ਲਸੰਸ ਆ? ਮੈਂ ਕਈ ਕੱਟੜ ਧਾਰਮਿਕ ਹਿੰਦੂ, ਸਿੱਖ, ਮੁਸਲਮਾਨ ਅਤੇ ਈਸਾਈਆਂ ਨੂੰ ਜਾਣਦੈ ਜੋ ਆਏ ਦਿਨ ਬਦਮਾਸ਼ੀਆਂ ਕਰਕੇ ਅਖ਼ਬਾਰਾਂ ਦੀਆਂ ਸੁਰਖੀਆਂ ਬਣਦੇ ਐ।" ਮੇਰੀ ਇਸ ਗੱਲ ਦਾ ਉਹਦੇ ਕੋਲ ਹੁਣ ਕੋਈ ਜੁਆਬ ਨਹੀਂ ਸੀ। ਮੈਂ ਨਾਲ ਈ ਇਹ ਕਹਿ ਦਿੱਤਾ, "ਤੂੰ ਮਨਜੀਤ ਨੂੰ ਆਪ ਸਕੂਲੇ ਛੱਡ ਕੇ ਅਤੇ ਲੈ ਕੇ ਆਉਂਦੈ। ਸਕੂਲ ਵਾਲੇ ਕਹਿੰਦੇ ਆ ਕਿ ਮਨਜੀਤ ਕਦੇ ਸਕੂਲੋਂ ਬਾਹਰ ਨਈਂ ਗਈ। ਵੀਕਐਂਡ ਤੇ ਵੀ ਮਨਜੀਤ ਦੇ ਦੱਸਣ ਮੁਤਾਬਕ ਉਹ ਕਦੇ ਇਕੱਲੀ ਘਰੋਂ ਬਾਹਰ ਨਹੀਂ ਗਈ। ਤੇਰੀ ਬਹੁਤੇ ਰਿਸ਼ਤੇਦਾਰਾਂ ਨਾਲ ਬੋਲ ਚਾਲ ਨਈਂ ਅਤੇ ਨਾ ਹੀ ਤੇਰਾ ਕੋਈ ਦੋਸਤ ਮਿੱਤਰ ਤੇਰੇ ਘਰ ਆਉਂਦੈ। ਘਰ ਵਿਚ ਹੋਰ ਕੋਈ ਮਰਦ ਨਹੀਂ। ਫਿਰ ਇਹ ਕਰਤੂਤ ਕੌਣ ਕਰਦਾ ਰਿਹੈ? ਮਨਜੀਤ ਦੇ ਬਾਪ ਕੋਲ ਮੇਰੀਆਂ ਗੱਲਾਂ ਦਾ ਕੋਈ ਜੁਆਬ ਨਹੀਂ ਸੀ ਅਤੇ ਉਹ ਚੁੱਪ ਕਰਕੇ ਬੈਠਾ ਰਿਹਾ। ਪੁਲੀਸ ਨੇ ਮਨਜੀਤ ਦੇ ਡੈਡ ਨੂੰ ਠਾਣੇ ਡੱਕ ਦਿੱਤਾ। ਉਹਨੂੰ ਛੱਡਣ ਦਾ ਹੁਣ ਸੁਆਲ ਈ ਪੈਦਾ ਨਹੀਂ ਸੀ ਹੁੰਦਾ। ਗੱਲ ਦੁੱਧ ਅਤੇ ਪਾਣੀ ਵਾਂਗ ਸਾਫ ਹੋ ਗਈ ਸੀ।

ਮੈਂ ਇਸ ਤੋਂ ਬਾਦ ਦਫਤਰ ਆ ਗਿਆ। ਸਮਾਂ ਵੀ ਛੇ ਤੋਂ ਉੱਪਰ ਹੋ ਗਿਆ ਸੀ। ਸਰਕਾਰੀ ਮਹਿਕਮਿਆਂ ਦੇ ਕੰਮ ਆਪਣੀ ਚਾਲੇ ਈ ਹੁੰਦੈ ਆ। ਮਨਜੀਤ, ਮੁਹਿੰਦਰ ਅਤੇ ਮੈਂ ਮਨਜੀਤ ਦੇ ਘਰ ਉਹਦੀ ਮਾਂ ਨੂੰ ਮਿਲਣ ਚਲੇ ਗਏ। ਜਾਣ ਤੋਂ ਪਹਿਲਾਂ ਮੈਂ ਫੋਨ ਕਰ ਦਿੱਤਾ ਕਿ, "ਅਸੀਂ ਮਨਜੀਤ ਨੂੰ ਲੈ ਕੇ ਆ ਰਹੇ ਆਂ।"

ਘਰ ਜਾ ਕੇ ਮਨਜੀਤ ਮਾਂ ਦੇ ਗਲ਼ ਲੱਗ ਕੇ ਜ਼ੋਰ ਜ਼ੋਰ ਰੋਣ ਲੱਗ ਪਈ। ਮਨਜੀਤ ਦੀ ਮਾਂ ਉੱਚੀ ਉੱਚੀ ਰੋਣ ਅਤੇ ਹਉਕੇ ਭਰਨ ਲੱਗ ਪਈ। ਮਨਜੀਤ ਦੀ ਦਾਦੀ ਅਤੇ ਛੋਟੇ ਬੱਚੇ ਵੀ ਚੀਕਾਂ ਮਾਰਨ ਲੱਗ ਪਏ। ਮੁਹਿੰਦਰ ਨੇ ਮਨਜੀਤ ਅਤੇ ਉਹਦੀ ਮਾਂ ਨੂੰ ਮਸੀਂ ਚੁੱਪ ਕਰਾਇਆ। ਮੈਂ ਮਨਜੀਤ ਅਤੇ ਉਹਦੀ ਦਾਦੀ ਨੂੰ ਹੌਸਲਾ ਰੱਖਣ ਲਈ ਕਿਹਾ ਕਿ, "ਮੈਨੂੰ ਸਰਕਾਰੀ ਕਾਰਵਾਈ ਕਰਨੀ ਪੈਣੀਆ।" ਮਨਜੀਤ ਦੀ ਦਾਦੀ ਉਸ ਵੇਲੇ ਘਰ ਈ ਸੀ ਜਦ ਪੁਲੀਸ ਉਹਦੇ ਪੁੱਤ ਨੂੰ ਫੜ ਕੇ ਲੈ ਗਈ ਸੀ। ਮਨਜੀਤ ਦੇ ਦਾਦੇ ਨੂੰ ਮਰਿਆਂ ਕਈ ਵਰ੍ਹੇ ਬੀਤ ਗਏ ਸਨ ਅਤੇ ਦਾਦੀ ਹੁਣ ਇਸ ਮੁਲਕ ਵਿਚ ਪੱਕੇ ਤੌਰ ਤੇ ਰਹਿ ਰਹੀ ਸੀ। ਪੁਲੀਸ ਨੇ ਮੈਨੂੰ ਦੱਸਿਆ ਸੀ ਕਿ "ਜਦ ਉਹ ਮਿਸਟਰ ਸਿੰਘ ਨੂੰ ਘਰੋਂ ਫੜ ਕੇ ਲਿਆਏ ਸਨ ਤਾਂ ਉਹ ਅਸ਼ਲੀਲ ਫਿਲਮ ਦੇਖ ਰਿਹਾ ਸੀ।" ਪੁਲੀਸ ਨੇ ਕੁੱਝ ਅਸ਼ਲੀਲ ਫਿਲਮਾਂ ਵੀ ਕਬਜ਼ੇ 'ਚ ਕਰ ਲਈਆਂ ਸਨ ਤਾਂ ਕਿ ਸਬੂਤ ਹੋਰ ਪੱਕੇ ਹੋ ਸਕਣ।


ਹੁਣ ਮਨਜੀਤ ਦੀ ਮਾਂ ਨੂੰ ਇਕੱਲਿਆਂ ਦੂਜੇ ਕਮਰੇ ਵਿਚ ਲਿਜਾ ਕੇ ਮੈਂ ਅਤੇ ਮੁਹਿੰਦਰ ਨੇ ਸਾਰੀ ਗੱਲ ਦੱਸ ਦਿੱਤੀ ਕਿ, "ਕਿਉਂ ਉਹਦੇ ਘਰ ਵਾਲੇ ਨੂੰ ਪੁਲੀਸ ਫੜ੍ਹਕੇ ਲੈ ਕੇ ਗਈ ਆ।" ਮਨਜੀਤ ਦੀ ਮਾਂ ਇਹ ਸਭ ਸੁਣ ਚੁੱਪ ਕਰ ਗਈ ਅਤੇ ਕੁੱਝ ਨਾਂ ਬੋਲ ਸਕੀ। ਮੈਨੂੰ ਉਹਦਾ ਸਾਹ ਬੰਦ ਹੁੰਦਾ ਨਜ਼ਰ ਆਉਣ ਲੱਗਾ ਅਤੇ ਉਹ ਬੇਹੋਸ਼ ਹੋ ਕੇ ਡਿੱਗ ਪਈ। ਸਾਨੂੰ ਹੱਥਾਂ ਪ====ੈਰ੍ਹਾਂ ਦੀ ਪੈ ਗਈ। ਮੁਹਿੰਦਰ ਅਤੇ ਮਨਜੀਤ ਨੂੰ ਮੈਂ ਕਿਹਾ ਕਿ, "ਉਹ ਉਹਦੀ ਪਿੱਠ, ਲੱਤਾਂ, ਪੈਰ੍ਹਾਂ ਅਤੇ ਸਿਰ ਦੀ ਮਾਲਿਸ਼ ਕਰਨ ਅਤੇ ਮੈਂ ਪਾਣੀ ਦਾ ਗਿਲਾਸ ਲੈ ਆਇਆ। ਥੋੜ੍ਹੀ ਦੇਰ ਬਾਦ ਸਾਡੀ ਇਸ ਨਿਮਾਣੀ ਜੇਹੀ ਕੋਸ਼ਿਸ਼ ਨਾਲ ਮਨਜੀਤ ਦੀ ਮਾਂ ਉੱਠ ਖੜ੍ਹੀ ਹੋਈ। ਮਨਜੀਤ ਆਪਣੀ ਮਾਂ ਨੂੰ ਜੱਫੀ ਪਾ ਕੇ ਬੈਠੀ ਰਹੀ ਅਤੇ ਮੁਹਿੰਦਰ ਨੇ ਵੀ ਉਹਨੂੰ ਸਹਾਰਾ ਦਿੱਤਾ। ਇਹ ਸੀਨ ਬੜਾ ਦਰਦਨਾਕ ਸੀ। ਇਕ ਮਾਂ ਲਈ ਆਪਣੀ ਧੀ ਤੇ ਉਹਦੇ ਈ ਬਾਪ ਵੱਲੋਂ ਕੀਤਾ ਕੁਕਰਮ ਕਿਵੇਂ ਬਰਦਾਸ਼ਤ ਹੋਵੇ? ਮੈਂ ਅਤੇ ਮੁਹਿੰਦਰ ਇਹ ਸਭ ਸਮਝਦੇ ਸੀ ਪਰ ਅਸੀਂ ਕੀ ਕਰ ਸਕਦੇ ਸੀ। ਸਾਨੂੰ ਫਿਕਰ ਮਨਜੀਤ ਦਾ ਸੀ ਕਿ ਉਹਦੇ ਦੋਸ਼ੀ ਬਾਪ ਨੂੰ ਉਹਦੇ ਪਾਪਾਂ ਦੀ ਸਜ਼ਾ ਜ਼ਰੂਰ ਮਿਲੇ ਅਤੇ ਮਨਜੀਤ ਤੇ ਕੋਈ ਉਂਗਲ ਨਾ ਉੱਠੇ।

ਤਕਰੀਬਨ ਪੌਣੇ ਘੰਟੇ ਬਾਦ ਮੈਂ ਹੌਲੀ ਹੌਲੀ ਸਾਰੀ ਗੱਲ ਮਨਜੀਤ ਦੀ ਮਾਂ ਨੂੰ ਦੱਸੀ ਕਿ, "ਡਾਕਟਰੀ ਰਿਪੋਰਟ ਕੀ ਕਹਿੰਦੀ ਆ। ਇਹਦਾ ਮਤਲਬ ਇਹ ਆ ਕਿ ਮਨਜੀਤ ਦਾ ਡੈਡ ਹੁਣ ਘਰ ਨਹੀਂ ਆ ਸਕਦਾ। ਕੋਰਟ ਵਿਚ ਕੇਸ ਲੱਗੇਗਾ ਅਤੇ ਉਥੇ ਈ ਫੈਂਸਲਾ ਹੋਵੇਗਾ। ਨਾਲ ਈ ਦੱਬਵੀ ਆਵਾਜ਼ ਵਿਚ ਇਹ ਦੱਸ ਦਿੱਤਾ ਕਿ ਮਨਜੀਤ ਉੱਪਰ ਕਿਸੇ ਵੀ ਕਿਸਮ ਦਾ ਦਬਾਅ ਨਾਂ ਪਾਇਆ ਜਾਵੇ। ਜੇਕਰ ਸਾਨੂੰ ਇਸ ਦਬਾਅ ਵਾਲੀ ਗੱਲ ਦੀ ਭਿਣਕ ਵੀ ਪੈ ਗਈ ਤਾਂ ਮਨਜੀਤ ਨੂੰ ਤਾਂ ਅਸੀਂ ਘਰੋਂ ਲੈ ਜਾਵਾਂਗੇ ਈ, ਤੁਹਾਡੇ ਬਾਕੀ ਦੇ ਦੋਵੇਂ ਬੱਚੇ ਵੀ ਚੁੱਕ ਕੇ ਲੈ ਜਾਣੇ ਆ। ਜਾਣ ਤੋਂ ਪਹਿਲਾਂ ਮਨਜੀਤ ਦੀ ਮਾਂ ਨੂੰ ਮੈਂ ਇਹ ਵੀ ਦੱਸ ਦਿੱਤਾ ਕਿ ਮੈਂ ਅਤੇ ਮੁਹਿੰਦਰ ਤਕਰੀਬਨ ਹਰ ਰੋਜ਼ ਈ ਮਨਜੀਤ ਨੂੰ ਸਕੂਲੇ ਜਾਂ ਘਰ ਮਿਲਣ ਆਉਂਦੇ ਰਹਿਣਾ ਤਾਂ ਕਿ ਪਤਾ ਕਰਦੇ ਰਹੀਏ ਕਿ ਸਭ ਠੀਕ ਠਾਕ ਆ। ਮੇਰੀਆਂ ਗੱਲਾਂ ਦਾ ਮਨਜੀਤ ਦੀ ਮਾਂ ਨੇ ਕੋਈ ਜੁਆਬ ਨਾਂ ਦਿੱਤਾ। ਉਹ ਵਿਚਾਰੀ ਡੈਂਹਬਰਿਆਂ ਵਾਂਗ ਮੇਰੇ ਵੱਲ ਦੇਖਦੀ ਰਹੀ ਕਿ ਉਹਦੀ ਵਸਦੀ ਰਸਦੀ ਦੁਨੀਆਂ ਮਿੰਟਾਂ ਸਕਿੰਟਾਂ ਵਿਚ ਈ ਫਨਾਹ ਹੋ ਗਈ ਸੀ। ਉਹਨੂੰ ਲੋਕਾਂ ਅਤੇ ਰਿਸ਼ਤੇਦਾਰਾਂ ਦੀ ਤਾਂ ਪ੍ਰਵਾਹ ਹੈ ਈ ਸੀ ਪਰ ਸਭ ਤੋਂ ਜ਼ਿਆਦਾ ਇਸ ਗੱਲ ਦੀ ਨਮੋਸ਼ੀ ਸੀ ਕਿ ਉਹ ਆਪਣੇ ਆਦਮੀ ਤੋਂ ਈ ਆਪਣੀ ਫੁੱਲਾਂ ਵਰਗੀ ਧੀ ਨੂੰ ਨਹੀਂ ਸੀ ਬਚਾ ਸਕੀ। ਦਰਿੰਦਗੀ ਦੀ ਇੰਤਹਾ ਹੋ ਚੁੱਕੀ ਸੀ। ਉਹਨੂੰ ਮਹਿਸੂਸ ਹੋ ਰਿਹਾ ਸੀ ਕਿ ਅਗਰ ਬੱਚੇ ਆਪਣੇ ਮਾਂ ਬਾਪ ਦੀ ਹਿਫਾਜ਼ਤ ਵਿਚ ਵੀ ਮਹਿਫੂਜ਼ ਨਹੀਂ ਹਨ ਤਾਂ ਉਹ ਕਿਥੇ ਜਾਣ? ਉੱਤੋਂ ਧਾਰਮਿਕਤਾ ਦਾ ਭੇਖ ਕਿ ਅਸੀਂ ਤਾਂ ਗੁਰੂ ਦੇ ਸਿੱਖ ਆਂ। ਉਹ ਕਿਸੇ ਨੂੰ ਮੂੰਹ ਦਿਖਾਵੇ ਤਾਂ ਦਿਖਾਵੇ ਕਿਵੇਂ? ਉਹ ਆਪਣੇ ਆਪ ਨੂੰ ਦੋਸ਼ੀ ਠਹਿਰਾਉਣ ਲੱਗ ਪਈ ਕਿ ਇਸ ਭੇੜੀਏ ਕੋਲੋਂ ਉਹ ਆਪਣੀ ਅਣਭੋਲ ਬੱਚੀ ਨਾਂ ਬਚਾ ਸਕੀ। ਉਹ ਕੇਹੋ ਜਿਹੀ ਮਾਂ ਹੈ? ਉਹਦਾ ਮਨ ਉਹਨੂੰ ਲਾਹਣਤਾ ਪਾ ਰਿਹਾ ਸੀ। ਪਰ ਹੁਣ ਭਾਣਾ ਵਰਤ ਚੁੱਕਾ ਸੀ। ਪਾਣੀ ਸਿਰਾਂ ਉੱਪਰ ਦੀ ਨਿਕਲ ਚੁੱਕਾ ਸੀ। ਗੱਲ, ਬਾਹਰ ਸਰਕਾਰੇ ਦਰਬਾਰੇ ਪਹੁੰਚ ਚੁੱਕੀ ਸੀ। ਇਸ ਰੁੜ੍ਹੀ ਜਾਂਦੀ ਬੇੜੀ ਨੂੰ ਉਹ ਕਿਵੇਂ ਬਚਾਵੇ? ਉਹ ਅਜੇ ਇਸ ਉਧੇੜ ਬੁਣ 'ਚ ਈ ਸੀ ਕਿ ਦੂਜੇ ਦਿਨ ਪੁਲੀਸ "ਬਾਤੂ" ਨੂੰ ਨਾਲ ਲੈ ਕੇ ਮਨਜੀਤ ਦੀ ਮਾਂ ਨੂੰ ਇੰਟਰਵਿਊ ਕਰਨ ਆ ਗਈ। ਮੇਰੇ ਨਾਲ ਉਹਨਾਂ ਦਾ ਸੰਪਰਕ ਨਾਂ ਹੋ ਸਕਿਆ ਨਹੀਂ ਤਾਂ ਮੈਂ ਉਹਨਾਂ ਨੂੰ ਦੱਸ ਦਿੰਦਾ ਕਿ ਮਨਜੀਤ ਦੀ ਮਾਂ ਇਥੇ ਦੀ ਜੰਮੀ ਪਲੀ ਆ ਅਤੇ ਉਹਨੂੰ "ਬਾਤੂ' ਦੀ ਲੋੜ ਨਹੀਂ। ਬਸ ਇਸ "ਬਾਤੂ" ਨੇ ਈ ਮਨਜੀਤ ਦੀ ਮਾਂ ਨੂੰ ਪੱਕਿਆਂ ਕਰ ਦਿੱਤਾ ਕਿ ਅਗਰ ਮਨਜੀਤ ਆਪਣੇ ਬਿਆਨ ਬਦਲ ਲਏ ਫਿਰ ਹੀ ਉਹਦਾ ਘਰ ਵਾਲਾ ਬਚ ਸਕਦਾ ਨਹੀਂ ਤਾਂ ਬਦਨਾਮੀ ਤਾਂ ਹੋਣੀ ਈ ਆ, ਸੱਤ ਸਾਲ ਦੀ ਕੈਦ ਵੀ ਹੋਵੇਗੀ।

ਜਦ ਮੈਂ ਅਤੇ ਪੁਲੀਸ ਨੇ ਕੇਸ ਤਿਆਰ ਕਰ ਲਿਆ ਤਾਂ ਕਚਹਿਰੀ ਵਿਚ ਮਨਜੀਤ ਨੇ ਬਿਆਨ ਬਦਲ ਲਏ। ਕੇਸ ਡਿਸਮਿਸ ਹੋ ਗਿਆ। ਮੇਰਾ ਮਨ ਬੁਰੀ ਤਰ੍ਹਾਂ ਝਰੀਟਿਆ ਗਿਆ। ਮੇਰੀਆ ਅਤੇ ਮਹਿੰਦਰ ਦੀਆਂ ਲੱਖਾਂ ਕੋਸ਼ਿਸ਼ਾਂ ਦੇ ਬਾਵਜੂਦ ਮਨਜੀਤ ਦੀ ਮਾਂ ਅਤੇ ਦਾਦੀ ਨੇ ਆਪਣਾ ਕੰਮ ਕਰ ਦਿੱਤਾ ਸੀ। ਉਹਨਾਂ ਮਨਜੀਤ ਦੇ ਪੈਰ ਫੜ੍ਹ ਲਏ ਸਨ ਕਿ ਸਿਰਫ, "ਉਹ ਈ ਹੁਣ ਘਰ ਦੀ ਇਜ਼ਤ ਰੱਖ ਸਕਦੀ ਆ।" ਜੋ ਕੁੱਝ ਉਹਦੇ ਬਾਪ ਨੇ ਕੀਤੈ, ਉਹ ਸਾਰੀ ਉਮਰ ਭੁਲਾਇਆ ਨਹੀਂ ਜਾ ਸਕਦਾ। ਕੱਚੀ ਉਮਰ ਅਤੇ ਇਹਨਾਂ ਰਾਹਾਂ ਤੋਂ ਅਣਜਾਣ ਮਨਜੀਤ ਭਰਮਾਈ ਗਈ ਸੀ। ਉਸ ਗਰੀਬੜੀ ਦਾ ਮਾਂ ਨਾਲੋਂ ਨਜ਼ਦੀਕੀ ਹੋਰ ਇਥੇ ਹੈ ਵੀ ਕੌਣ ਸੀ? ਪਰ ਮੈਂ ਗੱਲ ਇਥੇ ਨਹੀਂ ਸੀ ਛੱਡਣਾ ਚਾਹੁੰਦਾ। ਮੈਂ ਪੁਲੀਸ ਅਤੇ ਡਾਕਟਰਾਂ ਨਾਲ ਮਿਲ ਕੇ ਇਹ ਫੈਸਲਾ ਕਰਵਾ ਲਿਆ ਕਿ, "ਮਨਜੀਤ ਦੇ ਬਾਪ ਦਾ ਨਾਂ "ਚਾਈਲਡ ਪ੍ਰੋਟੈਕਸ਼ਨ ਰਜਿਸਟਰ" ਤੇ ਲਿਖ ਦਿੱਤਾ ਜਾਵੇ ਅਤੇ ਉਹ ਘਰ ਨਾਂ ਵੜਨ ਦਿੱਤਾ ਜਾਵੇ।" ਹੁਣ ਮਨਜੀਤ ਦਾ ਬਾਪ ਘਰੋਂ ਦੂਰ ਇਕ ਫਲੈਟ ਵਿਚ ਇਕੱਲਾ ਰਹਿੰਦਾ ਸੀ। ਕਹਿੰਦੇ ਹਨ ਕਿ, "ਇਨਸਾਨ ਦੀਆਂ ਆਦਤਾਂ ਨਹੀਂ ਬਦਲ ਦੀਆਂ। ਸੱਪ ਡੰਗ ਮਾਰਦਾ ਈ ਮਾਰਦਾ।" ਇਸ ਸਾਰੇ ਚੌਣੇਂ ਨੇ ਇਹ ਫੈਂਸਲਾ ਕੀਤਾ ਕਿ ਮਨਜੀਤ ਨੂੰ ਸਕੂਲੀ ਪੜ੍ਹਾਈ ਤੋਂ ਬਾਦ "ਏ ਲੇਵਲ" ਅਤੇ ਫਿਰ ਯੂਨੀਵਰਸਿਟੀ ਨਾਂ ਭੇਜਿਆ ਜਾਵੇ ਸਗੋਂ ਇੰਡਿਆ ਤੋਂ ਆਏ ਇੱਕ "ਜਾਅਲੀ ਫਰੈਸ਼ੀ" ਨਾਲ ਉਹਦਾ ਵਿਆਹ ਕਰ ਦਿੱਤਾ ਜਾਵੇ। ਜਦ ਇਕ ਦਿਨ ਅਚਾਨਕ ਦਫਤਰ ਆ ਕੇ ਮੈਨੂੰ ਇਹ ਗੱਲ ਦੱਸੀ ਤਾਂ ਮੈਂ ਮਨਜੀਤ ਨੂੰ ਕਿਹਾ ਕਿ, "ਉਹ ਆਪਣੀ ਮਾਂ ਨੂੰ ਕਹਿ ਦੇਵੇ ਕਿ ਜੇਕਰ ਉਹਨਾਂ ਉਹਦੇ ਤੇ ਕਿਸੇ ਕਿਸਮ ਦਾ ਵਿਆਹ ਦਾ ਦਬਾਅ ਪਾਇਆ ਤਾਂ ਉਹ ਸਭ ਕੁੱਝ ਪੁਲੀਸ ਨੂੰ ਦੱਸ ਦੇਵੇਗੀ ਅਤੇ ਉਹਨੂੰ ਅੰਦਰ ਕਰਵਾ ਦੇਵੇਗੀ।" ਮਨਜੀਤ "ਏ ਲੇਵਲ" ਤੋਂ ਬਾਦ ਯੂਨੀਵਰਸਿਟੀ ਜਾ ਕੇ ਪੜ੍ਹਨਾ ਚਾਹੁੰਦੀ ਸੀ। ਮੇਰੀ ਸਲਾਹ ਕਾਰਗਰ ਸਾਬਤ ਹੋਈ। ਉਹਦੀ ਮਾਂ ਨੇ ਮੁੜ ਇਸ ਬਾਰੇ ਗੱਲ ਨਾ ਕੀਤੀ। ਬਾਦ ਵਿਚ ਮਨਜੀਤ ਨੇ ਏ ਲੇਵਲ ਕਰਕੇ ਯੂਨੀਵਰਸਿਟੀ ਤੋਂ ਮਨੋਵਿਗਿਆਨ ਦੀ ਡਿਗਰੀ ਕਰ ਲਈ। ਵਿਆਹ ਬਾਰੇ ਗਾਹੇ ਬਗਾਹੇ ਉਹਨੂੰ ਉਹਦੀ ਮਾਂ ਫਿਰ ਵੀ ਤੁਣਕਾ ਲਾਉਂਦੀ ਰਹੀ। ਮਨਜੀਤ ਨੇ ਮੈਨੂੰ ਦੱਸਿਆ ਕਿ, "ਇਸ ਸਾਰੇ ਸਿਆਪੇ ਦੀ ਜੜ੍ਹ ਉਹਦਾ ਬਦਮਾਸ਼ ਬਾਪ ਸੀ ਜੋ ਉਹਦੀ ਮਾਂ ਤੇ ਇਹੋ ਜੇਹੀਆਂ ਪੁੱਠੀਆਂ ਸਿੱਧੀਆਂ ਸਕੀਮਾਂ ਦੁਆਰਾ ਦਬਾਅ ਪਾਉਂਦਾ ਰਹਿੰਦਾ ਸੀ ਕਿ ਕਿਉਂਕਿ ਮਨਜੀਤ ਦੀ ਮਾਂ ਉਹਨੂੰ ਕਦੇ ਕਦੇ ਮਿਲ ਆਉਂਦੀ ਸੀ। ਭਾਰਤੀ ਸੱਭਿਆਚਾਰ ਵਿਚ ਰੰਗੀ ਹੋਈ ਨਾਰੀ ਜਿਉਂ ਸੀ ਜਿਥੇ ਪਤੀ ਨੂੰ ਪ੍ਰਮੇਸ਼ਰ ਮੰਨਿਆ ਜਾਂਦੈ, ਚਾਹੇ ਪਤੀ ਸਾਹਿਬ ਲੁੱਚਿਆਂ ਦੇ ਲੁੱਚੇ ਹੋਣ।

ਮੈਨੂੰ ਮਨਜੀਤ ਇੱਕ ਦਿਨ ਫਿਰ ਮਿਲਣ ਆਈ ਅਤੇ ਉਹਨੇ ਦੱਸਿਆ ਕਿ ਉਹਨੇ ਯੂਨੀਵਰਸਿਟੀ ਦੇ ਦੌਰਾਨ ਇੱਕ ਪੰਜਾਬੀ ਮੁੰਡੇ ਨਾਲ ਦੋਸਤੀ ਪਾ ਲਈ ਸੀ ਅਤੇ ਉਹਨਾਂ ਆਪਣਾ ਰਜਿਸਟਰ ਵਿਆਹ ਅਗਲੇ ਹਫਤੇ ਕਰਨੈ। ਮੁਹਿੰਦਰ ਅਤੇ ਮੈਂ ਉਥੇ ਜ਼ਰੂਰ ਪਹੁੰਚੀਏ। ਵਿਆਹ ਵਾਲੇ ਦਿਨ ਮਨਜੀਤ ਅਤੇ ਉਹਦਾ ਮਨੋਵਿਗਿਆਨਕ ਗੁਰਜੀਤ ਬੜੇ ਖੁਸ਼ ਸਨ। ਮੈਂ ਅਤੇ ਮੁਹਿੰਦਰ ਨੇ ਉਹਨਾਂ ਨੂੰ ਆਸ਼ੀਰਵਾਦ ਦਿੱਤੀ ਕਿ, "ਉਹਨਾਂ ਨੂੰ ਦੁਨੀਆਂ ਭਰ ਦੇ ਸੁੱਖ ਮਿਲਣ ਅਤੇ ਉਹ ਸਦਾ ਖੁਸ਼ ਰਹਿਣ" ਵਿਆਹ 'ਚ ਈ ਮੈਨੂੰ ਪਤਾ ਲੱਗਾ ਕਿ, "ਮਨਜੀਤ ਦੇ ਬਾਪ ਨੂੰ ਅਧਰੰਗ ਹੋ ਗਿਆ ਸੀ। ਸ਼ੂਗਰ ਦਾ ਵੀ ਉਹ ਹੁਣ ਮਰੀਜ਼ ਸੀ ਅਤੇ ਉਹਦੀ ਅੱਖਾਂ ਦੀ ਜੋਤ ਚਲੀ ਗਈ ਸੀ। ਉਹਦੀ ਚਮੜੀ ਵੀ ਥਾ ਥਾਂ ਤੋਂ ਫਟ ਗਈ ਸੀ। ਇਹ ਪਾਪੀ ਆਪਣੇ ਫਲੈਟ ਵਿਚ ਹਰ ਪਲ ਹਰ ਰੋਜ਼ ਜ਼ਿਬ੍ਹਾ ਹੋ ਰਿਹਾ ਸੀ।

**- ਡਾ : ਹਰੀਸ਼ ਮਲਹੋਤਰਾ ਬ੍ਰਮਿੰਘਮ**







# ਸਕਾਈਸਿਟੀ ਨੂੰ ਕੈਸੀਨੋ ਲਾਇਸੈਂਸ ਦੀ ਮੁਅੱਤਲੀ ਦਾ ਕਰਨਾ ਪੈ ਰਿਹਾ ਹੈ ਸਾਹਮਣਾ

ਆਕਲੈਂਡ– ਸਕਾਈਸਿਟੀ ਨੇ NZX ਨੂੰ ਦੱਸਿਆ ਹੈ ਕਿ ਉਸਨੂੰ ਅੰਦਰੂਨੀ ਮਾਮਲਿਆਂ ਦੇ ਵਿਭਾਗ (DIA) ਦੁਆਰਾ ਸੂਚਿਤ ਕੀਤਾ ਗਿਆ ਹੈ ਕਿ ਇਸਦੇ ਕੈਸੀਨੋ ਆਪਰੇਟਰ ਦੇ ਲਾਇਸੈਂਸ ਨੂੰ "10 ਦਿਨਾਂ ਦੀ ਸੀਮਾ ਵਿੱਚ" ਲਈ ਮੁਅੱਤਲ ਕਰਨ ਲਈ ਇੱਕ ਅਰਜ਼ੀ ਦਿੱਤੀ ਜਾ ਰਹੀ ਹੈ। ਇਹ ਸਕਾਈਸਿਟੀ ਦੇ ਆਕਲੈਂਡ, ਹੈਮਿਲਟਨ ਅਤੇ ਕੁਈਨਸਟਾਉਨ ਕੈਸੀਨੋ ਲਈ ਸਕਾਈਸਿਟੀ ਕੈਸੀਨੋ ਪ੍ਰਬੰਧਨ ਦੇ ਲਾਇਸੈਂਸ ਨੂੰ ਪ੍ਰਭਾਵਿਤ ਕਰਦਾ ਹੈ। ਗੈਂਬਲਿੰਗ ਕਮਿਸ਼ਨ ਹੁਣ ਇਸ ਗੱਲ 'ਤੇ ਵਿਚਾਰ ਕਰੇਗਾ ਕਿ ਕੀ ਲਾਇਸੈਂਸ ਨੂੰ ਮੁਅੱਤਲ ਕਰਨ ਦਾ ਆਦੇਸ਼ ਦੇਣਾ ਹੈ ਅਤੇ, ਜੇਕਰ ਅਜਿਹਾ ਹੈ, ਤਾਂ ਕਿੰਨੇ ਸਮੇਂ ਲਈ।

ਇਹ ਇੱਕ ਸਾਬਕਾ ਗਾਹਕ ਦੀ ਸ਼ਿਕਾਇਤ ਤੋਂ ਬਾਅਦ ਹੈ ਜਿਸਨੇ ਅਗਸਤ 2017 ਅਤੇ ਫਰਵਰੀ 2021 ਵਿਚਕਾਰ ਕੈਸੀਨੋ ਵਿੱਚ ਜੂਆ ਖੇਡਿਆ ਸੀ। ਸਕਾਈਸਿਟੀ ਨੇ ਕਿਹਾ, "ਸੈਕਟਰੀ ।ਅੰਦਰੂਨੀ ਮਾਮਲਿਆਂ ਲਈ॥ ਐਪਲੀਕੇਸ਼ਨ ਵਿੱਚ ਕਹਿੰਦਾ ਹੈ ਕਿ ।ਸਕਾਈ ਸਿਟੀ॥ ਨੇ ਗਾਹਕ ਦੁਆਰਾ ਲਗਾਤਾਰ ਖੇਡਣ ਦੀਆਂ ਘਟਨਾਵਾਂ ਦਾ ਪਤਾ ਲਗਾਉਣ ਨਾਲ ਸਬੰਧਤ ਆਪਣੇ ਸਕਾਈ ਸਿਟੀ ਆਕਲੈਂਡ ਮੇਜ਼ਬਾਨੀ ਜ਼ਿੰਮੇਵਾਰੀ ਪ੍ਰੋਗਰਾਮ ਵਿੱਚ ਲੋੜਾਂ ਦੀ ਪਾਲਣਾ ਨਹੀਂ ਕੀਤੀ। ਇਸ ਨੇ ਕਿਹਾ ਕਿ ਇਹ ਅਰਜ਼ੀ ਅਤੇ ਪ੍ਰਕਿਰਿਆ ਵਿੱਚ ਪੂਰਾ ਸਹਿਯੋਗ ਕਰੇਗਾ।

"ਕਮਿਸ਼ਨ ਦੇ ਸਾਹਮਣੇ ਬਿਨੈ-ਪੱਤਰ ਹੋਣ ਕਾਰਨ ਸਕਾਈਸਿਟੀ ਲਈ ਇਸ ਪੜਾਅ 'ਤੇ ਅਰਜ਼ੀ ਅਤੇ ਦੋਸ਼ਾਂ 'ਤੇ ਹੋਰ ਟਿੱਪਣੀ ਕਰਨਾ ਅਣਉਚਿਤ ਹੋਵੇਗਾ।" ਇੱਕ ਬਿਆਨ ਵਿੱਚ, ਅੰਦਰੂਨੀ ਮਾਮਲਿਆਂ ਦੇ ਵਿਭਾਗ ਵਿੱਚ ਰੈਗੂਲੇਟਰੀ ਸੇਵਾਵਾਂ ਦੇ ਜਨਰਲ ਮੈਨੇਜਰ, ਜੌਨ ਸਨੇਡ ਨੇ ਕਿਹਾ ਕਿ ਇਸ ਨੇ ਹਾਲ ਹੀ ਵਿੱਚ ਸਕਾਈਸਿਟੀ ਦੇ ਜੂਏਬਾਜ਼ੀ ਦੇ ਨੁਕਸਾਨ ਨੂੰ ਘਟਾਉਣ ਦੇ ਅਭਿਆਸਾਂ ਦੀ ਜਾਂਚ ਪੂਰੀ ਕੀਤੀ ਹੈ।

"ਇਸ ਜਾਂਚ ਦੇ ਨਤੀਜਿਆਂ ਦੇ ਕਾਰਨ, ਅੰਦਰੂਨੀ ਮਾਮਲਿਆਂ ਦੇ ਸਕੱਤਰ ਦਾ ਮੰਨਣਾ ਹੈ ਕਿ SkyiCty ਨੇ ਮਹੱਤਵਪੂਰਨ ਨੁਕਸਾਨ-ਘੱਟ ਕਰਨ ਦੀਆਂ ਜ਼ਿੰਮੇਵਾਰੀਆਂ ਦਾ ਉਲੰਘਣ ਕੀਤਾ ਹੈ ਜਿਸ ਵਿੱਚ ਇਸਦੇ ਲਾਇਸੈਂਸ ਦੀਆਂ ਸ਼ਰਤਾਂ ਅਤੇ ਇਸਦੇ ਗਾਹਕਾਂ ਦੁਆਰਾ ਲੰਬੇ ਸਮੇਂ ਤੱਕ ਖੇਡਣ ਦੀਆਂ ਘਟਨਾਵਾਂ ਨਾਲ ਸੰਬੰਧਿਤ ਇਸਦੇ ਹੋਸਟ ਜ਼ਿੰਮੇਵਾਰੀ ਪ੍ਰੋਗਰਾਮ ਦੀਆਂ ਸ਼ਰਤਾਂ ਸ਼ਾਮਲ ਹਨ।" ਇਸ ਦੀਆਂ ਮੇਜ਼ਬਾਨੀ ਜ਼ਿੰਮੇਵਾਰੀ ਨੀਤੀਆਂ ਇਹ ਹੁਕਮ ਦਿੰਦੀਆਂ ਹਨ ਕਿ ਜਦੋਂ ਕੋਈ ਵਿਅਕਤੀ ਜੋ ਪੰਜ ਘੰਟੇ ਜਾਂ ਇਸ ਤੋਂ ਵੱਧ ਸਮੇਂ ਲਈ ਜੂਆ ਖੇਡ ਰਿਹਾ ਹੈ, ਲਗਾਤਾਰ, ਸਟਾਫ ਨੂੰ ਸੁਚੇਤ ਕੀਤਾ ਜਾਣਾ ਚਾਹੀਦਾ ਹੈ ਅਤੇ ਫਿਰ ਜੂਏਬਾਜ਼ ਦੀ ਨਿਗਰਾਨੀ ਕੀਤੀ ਜਾਣੀ ਚਾਹੀਦੀ ਹੈ। ਉਸਨੇ ਕਿਹਾ ਕਿ ਅੰਦਰੂਨੀ ਮਾਮਲਿਆਂ ਦੇ ਵਿਭਾਗ ਅਤੇ ਸਕਾਈਸਿਟੀ ਦੋਵੇਂ ਜੂਏਬਾਜ਼ੀ ਕਮਿਸ਼ਨ ਨੂੰ ਬੇਨਤੀਆਂ ਕਰਨਗੇ।

ਇਹ ਫਿਰ ਕੇਸ 'ਤੇ ਵਿਚਾਰ ਕਰੇਗਾ ਅਤੇ ਇਹ ਨਿਰਧਾਰਤ ਕਰੇਗਾ ਕਿ ਕਿਹੜੀ ਕਾਰਵਾਈ ਉਚਿਤ ਸੀ, ਜੇਕਰ ਕੋਈ ਹੈ।"DIA ਜੂਏ ਦੇ ਨੁਕਸਾਨ ਨੂੰ ਘੱਟ ਕਰਨ ਨੂੰ ਗੰਭੀਰਤਾ ਨਾਲ ਲੈਂਦਾ ਹੈ ਅਤੇ ਜਦੋਂ ਲਾਇਸੰਸਸ਼ੁਦਾ ਓਪਰੇਟਰ ਆਪਣੇ ਲਾਇਸੰਸ ਦੀਆਂ ਸ਼ਰਤਾਂ ਦੀ ਪਾਲਣਾ ਨਹੀਂ ਕਰਦੇ ਹਨ ਤਾਂ ਸਖ਼ਤ ਕਾਰਵਾਈ ਕਰੇਗਾ। DIA ਇਹ ਯਕੀਨੀ ਬਣਾਉਣ ਲਈ ਕਿ ਉਹਨਾਂ ਕੋਲ ਉਚਿਤ ਪ੍ਰਕਿਰਿਆਵਾਂ ਹਨ ਅਤੇ ਆਪਣੀਆਂ ਜ਼ਿੰਮੇਵਾਰੀਆਂ ਅਤੇ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਲਈ ਨਿਊਜ਼ੀਲੈਂਡ ਦੇ ਸਾਰੇ ਕੈਸੀਨੋ ਦੀ ਆਡਿਟ ਅਤੇ ਨਿਗਰਾਨੀ ਕਰਨਾ ਜਾਰੀ ਰੱਖਦਾ ਹੈ।




ਨਿਊਜ਼ੀਲੈਂਡ ਵਿੱਚ ਜੂਏ ਨੂੰ ਭਰੋਸੇਮੰਦ ਓਪਰੇਟਰਾਂ ਦੁਆਰਾ ਚਲਾਇਆ ਜਾਂਦਾ ਹੈ ਅਤੇ ਜੂਏਬਾਜ਼ਾਂ ਨੂੰ ਹੋਣ ਵਾਲੇ ਨੁਕਸਾਨ ਨੂੰ ਘੱਟ ਕੀਤਾ ਜਾਂਦਾ ਹੈ, ਸਮੱਸਿਆ ਜੂਏ ਸਮੇਤ, ਇਹ ਯਕੀਨੀ ਬਣਾ ਕੇ Aotearoa ਨੂੰ ਸੁਰੱਖਿਅਤ ਰੱਖਣ ਦੀ ਧੀਅ ਦੀ ਜ਼ਿੰਮੇਵਾਰੀ ਹੈ। ਕਿਉਂਕਿ ਇਹ ਮਾਮਲੇ ਚੱਲ ਰਹੀ ਪ੍ਰਕਿਰਿਆ ਦੇ ਅਧੀਨ ਹਨ, ਅਸੀਂ ਅਰਜ਼ੀ 'ਤੇ ਹੋਰ ਟਿੱਪਣੀ ਨਹੀਂ ਕਰ ਸਕਦੇ।

ਪ੍ਰੋਬਲਮ ਗੈਂਬਲਿੰਗ ਫਾਊਂਡੇਸ਼ਨ ਦੇ ਬੁਲਾਰੇ ਐਂਡਰੀ ਫਰਾਉਂਡੇ ਨੇ ਕਿਹਾ ਕਿ ਇਹ ਬਹੁਤ ਮਹੱਤਵਪੂਰਨ ਸੀ ਕਿ ਸਟਾਫ ਉਨ੍ਹਾਂ ਜੂਏਬਾਜ਼ਾਂ ਦੀ ਭਾਲ ਕਰ ਰਿਹਾ ਸੀ ਜੋ ਲੰਬੇ ਸਮੇਂ ਤੋਂ ਖੇਡ ਰਹੇ ਸਨ।"ਇੱਥੇ ਲੋਕ ਗੰਭੀਰ ਨੁਕਸਾਨ ਦਾ ਸਾਹਮਣਾ ਕਰ ਰਹੇ ਹਨ।"

ਫਾਊਂਡੇਸ਼ਨ ਨੇ ਪਹਿਲਾਂ ਸਕਾਈਸਿਟੀ ਦੀਆਂ ਮੇਜ਼ਬਾਨਾਂ ਦੀਆਂ ਜ਼ਿੰਮੇਵਾਰੀਆਂ 'ਤੇ ਸਬਮਿਸ਼ਨ ਕੀਤੇ ਸਨ, ਜਿਸ ਵਿੱਚ ਇਸ ਨੇ ਲਿਖਿਆ ਸੀ ਕਿ ਕੋਈ ਵੀ ਜੋ ਬਿਨਾਂ ਕਿਸੇ ਬ੍ਰੇਕ ਦੇ ਤਿੰਨ ਘੰਟਿਆਂ ਤੋਂ ਵੱਧ ਸਮੇਂ ਲਈ ਜੂਆ ਖੇਡਦਾ ਹੈ, ਉਸ ਨੂੰ ਸਮੱਸਿਆ ਵਾਲੇ ਜੂਏਬਾਜ਼ ਬਣਨ ਦਾ ਵਧੇਰੇ ਜੋਖਮ ਹੁੰਦਾ ਹੈ।

# LEGAL ASSOCIATES
NOTARY PUBLIC
BARRISTERS & SOLICITORS

09 279 9439
09 279 9419

31 East Tamaki Road, Level 1,
Papatoetoe, Auckland 2025

PO BOX 200170,
Papatoetoe Central, Auckland 2156

## About Legal Associates

Legal Associates was rooted by Raj and Ashima Singh in September 2014. Since, both Raj and Ashima were from a migrant background they identified a need for specialised legal service and legal knowledge amongst the migrant communities.

What they realised was that there was a lack of awareness around legal responsibilities, obligations and rights which had created a gap between migrant communities and their ability to smoothly transition into settling in New Zealand and achieving their dreams.

Since then, Legal Associates has identified itself as a firm which truly understands the concerns of many migrants along with the local community members and aim to bridge that gap. The team here holds a zeal for finding solutions and are able to transcend cultural and language barriers to provide quality legal advice to its clients.



## Awards & Accolades

- Inaugural Ethnic Women's Awards: Inspiring Ethnic Business Woman 2022
- Rotary Club of Papatoetoe Central Recognition Award 2021
- Indian Newslink Community Award : Exceptional services to communities 2019
- Indian Newslink Sports & Community Awards: Dr. Robert Khan (Senior) Special Commemorative Award 2018
- Rotary Papatoetoe Central Club Indian Diaspora Award 2018
- Indian Business Awards : Supreme Business of the Year 2018
- Indian Business Awards : Business Excellence in Marketing 2018
- Westpac Auckland Business Awards : Finalist for Strategy & Planning 2018
- Westpac Auckland Business Awards : Finalist for People's choice 2018
- Westpac Auckland Business Awards : Finalist for Employer of the year choice 2018
- Indian Business Awards : Best Medium Sized Business 2017
- Indian Business Awards : Best Employer of Choice 2017
  Westpac Auckland Business Awards : Finalist for Best Emerging Business 2017
- Indian Business Awards : Businesswoman of the Year 2016





LEGAL ASSOCIATES
NOTARY PUBLIC
BARRISTERS & SOLICITORS

**Ashima Singh is the first lawyer of Indian origin to become Notary Public in New Zealand!**



LEGAL ASSOCIATES

Incredible Achievement of Serving
**10,000**
Clients

## OUR SERVICES

**Conveyancing**
Providing astute legal advice for your commercial or residential property matters.

**Courts & Tribunals**
Guidance on making major and serious decisions that will affect you and your family.

**Immigrate to New Zealand**
Tailoring strategic legal solutions to help you make the move to New Zealand.

**Commercial**
Strategizing expert advice in property, finance and business matters.

**Employment**
Delivering sound legal instruction when dealing with workplace disputes.

**Criminal**
Advising and representing your needs in various areas of criminal law.

**Notary Services:**
As Notary Public, Ashima can sign and seal your documents that you are asked to provide for overseas use such as to government agencies, courts, and for commercial contracts. Some documents that require to be notarised for overseas use are:

- Powers of Attorney
- Affidavits and Declarations
- Property Documents
- Commercial Documents
- Identification Documents
- Academic Records
- Translation Documents

**Legal Clinic:**
Legal Associates offers FREE legal consultation for 2 hrs on every Saturday, 10AM-12PM.

# ਨਿਊਜ਼ੀਲੈਂਡ ਦੀ ਅਰਥਵਿਵਸਥਾ ਸਾਲ ਜਾਂ ਇਸ ਤੋਂ ਵੱਧ ਤੇਜ਼ ਵਿਕਾਸ ਦਾ ਸਾਹਮਣਾ ਕਰ ਰਹੀ ਹੈ – IMF



ਅੰਤਰਰਾਸ਼ਟਰੀ ਮੁਦਰਾ ਫੰਡ (ਆਈਐਮਐਫ) ਦੇ ਅਨੁਸਾਰ, ਅਰਥਚਾਰੇ ਨੂੰ ਇੱਕ ਸਾਲ ਜਾਂ ਇਸ ਤੋਂ ਵੱਧ ਦੀ ਤੇਜ਼ ਵਿਕਾਸ ਦਰ ਦਾ ਸਾਹਮਣਾ ਕਰਨਾ ਪੈਂਦਾ ਹੈ ਪਰ ਜੇਕਰ ਮੁਦਰਾਸਫੀਤੀ ਨੂੰ ਕਾਬੂ ਵਿੱਚ ਨਹੀਂ ਲਿਆ ਜਾਂਦਾ ਹੈ ਜਾਂ ਸਰਕਾਰੀ ਖਰਚੇ ਘੱਟ ਜਾਂਦੇ ਹਨ ਤਾਂ ਇਹ ਆਪਣੇ ਆਪ ਨੂੰ ਲੰਬੇ ਸਮੇਂ ਲਈ ਡੂੰਘੀ ਮੰਦੀ ਵਿੱਚ ਪਾ ਸਕਦੀ ਹੈ।ਦੇਸ਼ ਬਾਰੇ ਆਪਣੀ ਸਾਲਾਨਾ ਰਿਪੋਰਟ ਦੇ ਅੰਤਮ ਸੰਸਕਰਣ ਵਿੱਚ, ਇਸ ਨੇ ਕਿਹਾ ਕਿ ਰਿਜ਼ਰਵ ਬੈਂਕ (RBNZ) ਵਿਆਜ ਦਰਾਂ ਵਿੱਚ ਵਾਧੇ ਦੇ ਪੂਰੇ ਪ੍ਰਭਾਵ ਅਜੇ ਵੀ ਆਰਥਿਕ ਮੰਦੀ ਨੂੰ ਲਿਆਉਣ ਲਈ ਆਪਣੇ ਤਰੀਕੇ ਨਾਲ ਕੰਮ ਕਰ ਰਹੇ ਹਨ, ਅਤੇ ਸਮੁੱਚੀ ਨੀਤੀ ਨੂੰ ਸਖਤ ਰਹਿਣਾ ਪਿਆ।

ਰਿਪੋਰਟ ਵਿੱਚ ਕਿਹਾ ਗਿਆ ਹੈ, "ਪ੍ਰੈਸਿੰਗ ਸਮਰੱਥਾ ਦੀਆਂ ਕਮੀਆਂ ਅਤੇ ਉੱਚ ਅਤੇ ਨਿਰੰਤਰ ਮੁਦਰਾਸਫੀਤੀ ਦੇ ਮੱਦੇਨਜ਼ਰ, ਮੁਦਰਾ ਅਤੇ ਵਿੱਤੀ ਨੀਤੀ ਮਿਸ਼ਰਣ ਨੂੰ ਆਰਥਿਕਤਾ ਨੂੰ ਮੁੜ ਸੰਤੁਲਿਤ ਕਰਨ ਲਈ ਇੱਕ ਪ੍ਰਤਿਬੰਧਿਤ ਪੱਖਪਾਤ ਕਰਨਾ ਚਾਹੀਦਾ ਹੈ – ਅੰਦਰੂਨੀ ਅਤੇ ਬਾਹਰੀ ਤੌਰ 'ਤੇ," ਰਿਪੋਰਟ ਵਿੱਚ ਕਿਹਾ ਗਿਆ ਹੈ।ਪਰ ਇਸ ਨੇ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰੀ ਖਰਚੇ ਬਹੁਤ ਜ਼ਿਆਦਾ ਹਨ ਅਤੇ/ਜਾਂ RBNZ ਨੇ ਜ਼ਿੱਦੀ ਮਹਿੰਗਾਈ ਨਾਲ ਨਜਿੱਠਣ ਲਈ ਵਿਆਜ ਦਰਾਂ ਨੂੰ ਉੱਚਾ ਕੀਤਾ ਹੈ, ਤਾਂ ਇੱਕ ਦ੍ਰਿਸ਼ਟੀਕੋਣ ਨੂੰ ਜੋੜਿਆ ਗਿਆ ਹੈ ਜੋ "ਬਹੁਤ ਜ਼ਿਆਦਾ ਅਨਿਸ਼ਚਿਤ" ਸੀ।"ਸਖਤ ਘਰੇਲੂ ਵਿੱਤੀ ਸਥਿਤੀਆਂ ਅਤੇ ਉੱਚ ਦਰਾਂ ਦਾ ਮਾਹੌਲ ਹਾਊਸਿੰਗ ਮਾਰਕੀਟ ਵਿੱਚ ਵਿਗਾੜ ਵਾਲੀਆਂ ਸਥਿਤੀਆਂ ਦੇ ਜੋਖਮ ਨੂੰ ਵਧਾਏਗਾ, ਜਿਸਦੇ ਘਰੇਲੂ ਖਪਤ ਅਤੇ ਸਮੁੱਚੇ ਵਿਕਾਸ ਲਈ ਮਹੱਤਵਪੂਰਨ ਨਤੀਜੇ ਹੋਣਗੇ ਅਤੇ ਇਸਦੇ ਨਤੀਜੇ ਵਜੋਂ ਲੰਮੀ ਜਾਂ ਡੂੰਘੀ ਮੰਦੀ ਹੋ ਸਕਦੀ ਹੈ."

ਇਸ ਨੇ ਅਨੁਮਾਨ ਲਗਾਇਆ ਹੈ ਕਿ 2023/24 ਵਿੱਚ ਵਿਕਾਸ ਦਰ ਲਗਭਗ 1 ਪ੍ਰਤੀਸ਼ਤ ਹੋਵੇਗੀ, ਪਰ ਮਹਿੰਗਾਈ 2025 ਤੱਕ 1-3 ਪ੍ਰਤੀਸ਼ਤ ਦੇ ਟੀਚੇ ਬੈਂਡ ਵਿੱਚ ਵਾਪਸ ਨਹੀਂ ਆਵੇਗੀ, ਅਤੇ ਇਹ ਉੱਚ ਚਾਲੂ ਖਾਤੇ ਦੇ ਘਾਟੇ ਬਾਰੇ ਚੇਤਾਵਨੀ ਦਿੰਦਾ ਰਿਹਾ, ਜੋ ਕਿ ਜੀਡੀਪੀ ਦੇ 8.5 ਪ੍ਰਤੀਸ਼ਤ ਤੱਕ ਘੱਟ ਗਿਆ।ਪਹਿਲੀ ਤਿਮਾਹੀ, ਜਿਸ ਨੇ ਕਿਹਾ ਕਿ ਗਲੋਬਲ ਝਟਕਿਆਂ ਲਈ ਦੇਸ਼ ਦੀਆਂ ਕਮਜ਼ੋਰੀਆਂ ਵਿੱਚ ਵਾਧਾ ਹੋਇਆ ਹੈ।IMF ਨੇ ਇਹ ਵੀ ਕਿਹਾ ਕਿ ਹੌਲੀ ਹੌਲੀ ਹਾਊਸਿੰਗ ਮਾਰਕੀਟ ਵਰਗੇ ਜੋਖਮ ਸ਼ਾਮਲ ਹੁੰਦੇ ਜਾਪਦੇ ਹਨ ਹਾਲਾਂਕਿ ਕਮਜ਼ੋਰ ਮਾਰਕੀਟ ਖਰਚ ਅਤੇ ਆਰਥਿਕ ਵਿਕਾਸ 'ਤੇ ਭਾਰ ਪਵੇਗੀ।ਪਰ ਇਸ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਰਿਹਾਇਸ਼ ਦੀ ਸਮਰੱਥਾ ਇੱਕ ਨਿਰੰਤਰ ਸਮੱਸਿਆ ਹੈ, ਜਿਸ ਨਾਲ ਘਰਾਂ ਦੀਆਂ ਕੀਮਤਾਂ ਵਿੱਚ ਗਿਰਾਵਟ ਵਿੱਚ ਸੁਧਾਰ ਨਹੀਂ ਹੋਇਆ ਹੈ ਅਤੇ ਨਵੇਂ ਘਰਾਂ ਦੀ ਸਪਲਾਈ ਵਿੱਚ ਵਾਧਾ ਕਰਕੇ ਇਸ ਨੂੰ ਹੱਲ ਕਰਨ ਦੀ ਲੋੜ ਹੈ।

IMF ਨੇ ਕਿਹਾ ਕਿ ਭਵਿੱਖ ਲਈ, ਸਰਕਾਰ ਨੂੰ ਹੜ੍ਹਾਂ ਅਤੇ ਚੱਕਰਵਾਤ ਤੋਂ ਬਾਅਦ ਮੁੜ ਨਿਰਮਾਣ ਦੀ ਥੋੜ੍ਹੇ ਸਮੇਂ ਦੀ ਜ਼ਰੂਰਤ 'ਤੇ ਧਿਆਨ ਕੇਂਦਰਿਤ ਕਰਨ ਦੀ ਜ਼ਰੂਰਤ ਹੈ, ਜਦੋਂ ਕਿ ਅਰਥਵਿਵਸਥਾ ਵਿੱਚ ਉਤਸ਼ਾਹ ਵਧਾਉਣਾ ਨਹੀਂ ਹੈ।"ਵਿੱਤੀ ਨੀਤੀ ਨੂੰ ਲਾਗਤ ਦੇ ਦਬਾਅ ਅਤੇ ਚੱਕਰਵਾਤ ਤੋਂ ਬਾਅਦ ਦੀਆਂ ਖਰਚਿਆਂ ਦੀਆਂ ਜ਼ਰੂਰਤਾਂ ਦਾ ਪ੍ਰਬੰਧਨ ਕਰਦੇ ਹੋਏ ਓਵਰਹੀਟਿੰਗ ਨੂੰ ਹੱਲ ਕਰਨ ਵਿੱਚ ਮਦਦ ਕਰਨੀ ਚਾਹੀਦੀ ਹੈ।ਇਸ ਵਿੱਚ ਕਿਹਾ ਗਿਆ ਹੈ, "ਮੱਧਮ ਮਿਆਦ ਵਿੱਚ, ਲੰਬੇ ਸਮੇਂ ਦੀਆਂ ਢਾਂਚਾਗਤ ਲੋੜਾਂ ਜਿਵੇਂ ਕਿ ਉਤਪਾਦਕਤਾ ਦੇ ਪਾੜੇ ਨੂੰ ਬੰਦ ਕਰਨਾ ਅਤੇ ਜਲਵਾਯੂ ਪਰਿਵਰਤਨ ਨਾਲ ਸਬੰਧਤ ਪ੍ਰੋਜੈਕਟਾਂ ਵਿੱਚ ਨਿਵੇਸ਼ ਕਰਨ ਲਈ ਇੱਕ ਸਾਵਧਾਨ ਸੰਤੁਲਨ ਅਤੇ ਤਰਜੀਹ ਦੀ ਲੋੜ ਹੈ।"RBNZ ਨੂੰ ਸਲਾਹ ਦਿੱਤੀ ਗਈ ਸੀ ਕਿ ਉਹ ਮੁਦਰਾ ਨੀਤੀ ਨੂੰ ਮਹਿੰਗਾਈ ਨਾਲ ਨਜਿੱਠਣ 'ਤੇ ਕੇਂਦਰਿਤ ਕਰੇ। ਲੰਬੇ ਸਮੇਂ ਲਈ, IMF ਨੇ ਕਿਹਾ ਕਿ ਜਲਵਾਯੂ ਪਰਿਵਰਤਨ, ਸਿੱਖਿਆ, ਅਤੇ ਲੇਬਰ ਬਜ਼ਾਰ ਨੂੰ ਮੁਕਤ ਕਰਨ ਦੀਆਂ ਚੁਣੌਤੀਆਂ ਨਾਲ ਨਜਿੱਠਣ ਲਈ, ਅਤੇ ਨਾਲ ਹੀ ਪੂੰਜੀ ਲਾਭ ਅਤੇ ਜ਼ਮੀਨੀ ਟੈਕਸਾਂ ਸਮੇਤ ਟੈਕਸ ਸੁਧਾਰ, ਅਤੇ ਇੱਕ ਘੱਟ ਕੰਪਨੀ ਟੈਕਸ ਦਰ ਦੀ ਲੋੜ ਹੋਵੇਗੀ।ਹਾਲਾਂਕਿ, ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸਰਕਾਰ ਦੇ ਵਿੱਤੀ ਨਿਯਮਾਂ, ਜੋ ਕਿ ਕਰਜ਼ੇ ਦੀਆਂ ਸੀਮਾਵਾਂ ਅਤੇ ਸਰਕਾਰੀ ਖਰਚਿਆਂ ਦੇ ਟੀਚਿਆਂ ਨੂੰ ਨਿਰਧਾਰਤ ਕਰਦੇ ਹਨ, ਨੇ ਇਸ ਨੂੰ ਜ਼ਿਆਦਾਤਰ ਝਟਕਿਆਂ ਨਾਲ ਸਿੱਝਣ ਲਈ ਕਾਫ਼ੀ ਹੈੱਡਰੂਮ ਦਿੱਤਾ ਹੈ।



# ਕੁਦਰਤੀ ਆਫਤਾਂ ਪਰਿਵਾਰਕ ਅਤੇ ਆਰਥਿਕ ਜ਼ਿੰਮੇਵਾਰੀ ਵਿੱਚ ਘਿਰਿਆ ਮਨੁੱਖ



ਦੁਨੀਆਂ ਵਿੱਚ ਕੁਦਰਤੀ ਆਫ਼ਤਾਂ ਆਉਂਦੀਆਂ ਰਹਿੰਦੀਆਂ ਹਨ। ਇਹ ਉਸ ਵੇਲੇ ਵੀ ਆਉਂਦੀਆਂ ਸੀ ਜਦੋਂ ਮਨੁੱਖ ਗੁਫ਼ਾਵਾਂ ਵਿੱਚ ਰਹਿੰਦਾ ਸੀ।

ਜਿਸ ਤਰਾਂ ਮਨੁੱਖੀ ਦਿਮਾਗ ਵਿਕਸਤ ਹੋਇਆ ਜਾਂ ਜਿਸ ਤਰਾਂ ਮਨੁੱਖ ਨੇ ਹੌਲੀ-ਹੌਲੀ ਆਪਣਾ ਦਿਮਾਗ ਵਰਤ ਕੇ ਅੱਗੇ ਤੋਂ ਅੱਗੇ ਖੋਜਾਂ ਕੀਤੀਆਂ ਉਸ ਨੇ ਕੁੱਝ ਕੁਦਰਤੀ ਆਫ਼ਤਾਂ ਤੋਂ ਬਚਾਅ ਲਈ ਉਪਰਾਲੇ ਕੀਤੇ।

ਵਿਗਿਆਨਕ ਖੋਜਾਂ ਕਰਕੇ ਕਈ ਆਉਣ ਵਾਲੀਆਂ ਆਫ਼ਤਾਂ ਬਾਰੇ ਸੰਬਧਤ ਮਹਿਕਮੇ ਨੂੰ ਪਹਿਲਾਂ ਪਤਾ ਲੱਗ ਜਾਂਦਾ ਹੈ ਅਤੇ ਉਹ ਲੋਕਾਂ ਤੱਕ ਇਸ ਦੀ ਜਾਣਕਾਰੀ ਜਾਂ ਐਮਰਜੈਂਸੀ ਸੇਵਾਵਾਂ ਪਹੁੰਚਾਉਣ ਵਾਲੇ ਮਹਿਕਮਿਆਂ ਤੱਕ ਇਸ ਦੀ ਜਾਣਕਾਰੀ ਪਹੁੰਚਾ ਦਿੰਦਾ ਹੈ। ਅੱਜ ਕੱਲ ਸੋਸ਼ਲ ਮੀਡੀਆ ਜਾਂ ਫੋਨ ਦੀ ਸਹੂਲਤ ਜ਼ਿਆਦਾ ਲੋਕਾਂ ਕੋਲ ਹੋਣ ਕਰਕੇ ਸੂਚਨਾ ਬਹੁਤ ਜਲਦੀ ਲੋਕਾਂ ਤੱਕ ਪਹੁੰਚ ਜਾਂਦੀ ਹੈ ਅਤੇ ਲੋਕ ਵੱਡੇ ਜਾਨੀ ਨੁਕਸਾਨ ਤੋਂ ਬਚ ਜਾਂਦੇ ਹਨ।

ਕੁੱਝ ਦਿਨ ਪਹਿਲਾਂ ਨਿਊਜ਼ੀਲੈਂਡ ਦੇ ਕਈ ਸ਼ਹਿਰਾਂ ਵਿੱਚ ਭੂਚਾਲ ਦੇ ਜ਼ਬਰਦਸਤ ਝਟਕੇ ਵਾਰ-ਵਾਰ ਮਹਿਸੂਸ ਕੀਤੇ ਗਏ ਜਿਸ ਕਰਕੇ ਸੁਨਾਮੀ ਦੀ ਵਾਰਨਿੰਗ ਦੇ ਦਿੱਤੀ ਗਈ। ਇਸ ਵਿੱਚ ਜ਼ਿਆਦਾ ਉਹ ਇਲਾਕੇ ਸਨ ਜਿਹੜੇ ਸਮੁੰਦਰ ਦੇ ਕੰਢੇ ਵਸੇ ਹੋਏ ਹਨ।

ਇਸ ਤੋਂ ਤਕਰੀਬਨ ਦਸ ਸਾਲ ਪਹਿਲਾਂ ਵੀ ਨਿਊਜ਼ੀਲੈਂਡ ਦਾ ਇੱਕ ਸ਼ਹਿਰ ਕ੍ਰਿਸਚਰਚ ਭੁਚਾਲ ਕਾਰਨ ਬੁਰੀ ਤਰਾਂ ਨੁਕਸਾਨਿਆ ਗਿਆ ਸੀ।

ਸੂਚਨਾ ਵਿੱਚ ਬਹੁਤ ਸਾਰੇ ਲੋਕਾਂ ਨੂੰ ਉੱਚੀਆਂ ਥਾਵਾਂ 'ਤੇ ਜਾਣ ਵਾਸਤੇ ਕਿਹਾ ਗਿਆ। ਕਾਫੀ ਲੋਕ ਸੁਣਦਿਆਂ ਸਾਰ ਉੱਚੀਆਂ ਥਾਵਾਂ 'ਤੇ ਆਪਣੇ ਬਚਾਅ ਵਾਸਤੇ ਚਲੇ ਗਏ। ਕੁੱਝ ਇਸ ਤਰਾਂ ਦੇ ਵੀ ਸਨ ਜਿਹੜੇ ਆਪਣੇ ਘਰ ਨਹੀਂ ਛੱਡਣਾ ਚਾਹੁੰਦੇ ਸਨ। ਇੱਕ ਘਰ ਜੋ ਬਹੁਤ ਸੰਘਰਸ਼ ਕਰਕੇ ਬਣਾਇਆ ਹੁੰਦਾ ਹੈ ਅਤੇ ਉਸ ਨਾਲ ਬਹੁਤ ਸਾਰੀਆਂ ਯਾਦਾਂ ਜੁੜੀਆਂ ਹੁੰਦੀਆਂ ਹਨ। ਉਸ ਨੂੰ ਛੱਡ ਕੇ ਜਾਣਾ ਵੀ ਸੌਖਾ ਕੰਮ ਨਹੀਂ ਹੁੰਦਾ ਪਰ ਇਸ ਤੋਂ ਬਿਨਾਂ ਰਾਹ ਵੀ ਕੋਈ ਨਹੀਂ ਸੀ।

ਬਿਮਾਰ ਲੋਕਾਂ ਵਾਸਤੇ ਉੱਚੀਆਂ ਥਾਵਾਂ 'ਤੇ ਜਾਣਾ ਮੁਸ਼ਕਲ ਹੁੰਦਾ ਹੈ। ਉਹ ਵੀ ਉਨਾਂ ਲੋਕਾਂ ਦਾ ਜਿਹੜੇ ਪਹਿਲਾਂ ਹੀ ਹਸਪਤਾਲਾਂ ਵਿੱਚ ਦਾਖਲ ਹੋਏ ਹੋਣ। ਇਸ ਤੋਂ ਇਲਾਵਾ ਐਮਰਜੈਂਸੀ ਸੇਵਾਵਾਂ ਦੇਣ ਵਾਲੇ ਵੀ ਆਪਣਾ ਬਚਾਅ ਕਰਕੇ ਉੱਚੀਆਂ ਥਾਵਾਂ 'ਤੇ ਨਹੀਂ ਜਾ ਸਕਦੇ ਸੀ ਕਿਉਂਕਿ ਉਨਾਂ ਦੀ ਜ਼ਿੰਮੇਵਾਰੀ ਤਾਂ ਪਹਿਲਾਂ ਲੋਕਾਂ ਨੂੰ ਬਚਾਉਣ ਦੀ ਸੀ। ਇਨਾਂ ਸੇਵਾਵਾਂ ਵਿੱਚ ਹਸਪਤਾਲਾਂ ਵਿੱਚ ਕੰਮ ਕਰਨ ਵਾਲਾ ਸਟਾਫ, ਪੁਲਿਸ ਕਰਮਚਾਰੀ, ਫਾਇਰ ਬ੍ਰਿਗੇਡ ਵਾਲੇ ਅਤੇ ਐਂਮਬੂਲੈਂਸ ਚਲਾਉਣ ਵਾਲੇ ਸ਼ਾਮਲ ਸਨ। ਇੱਕ ਪਾਸੇ ਉਨਾਂ ਨੂੰ ਆਪਣੀ ਜਾਨ ਦਾ ਖਤਰਾ ਸੀ, ਦੂਜੇ ਪਾਸੇ ਉਨਾਂ ਹੋਰਾਂ ਨੂੰ ਬਚਾਉਣਾ ਸੀ ਭਾਵ ਕਮਿਊਨਿਟੀ ਨੂੰ ਬਚਾਉਣਾ ਸੀ ਅਤੇ ਇਸ ਦੇ ਨਾਲ ਹੀ ਉਨਾਂ ਆਪਣਾ ਪਰਿਵਾਰ ਸੁਰੱਖਿਅਤ ਕਰਨਾ ਸੀ। ਇਸ ਤਰਾਂ ਉਹ ਵੱਖ-ਵੱਖ ਜ਼ਿੰਮੇਵਾਰੀਆਂ ਵਿੱਚ ਘਿਰੇ ਹੋਏ ਵੀ ਲੋਕਾਂ ਨੂੰ ਬਚਾਉਣ ਵਿੱਚ ਡਟੇ ਰਹੇ।

ਮੇਰਾ ਇੱਕ ਦੋਸਤ ਜੋ ਇਨਾਂ ਵਿੱਚੋਂ ਹੀ ਇੱਕ ਐਮਰਜੈਂਸੀ ਸਰਵਿਸ ਨਿਭਾਅ ਰਿਹਾ ਸੀ ਜਦੋਂ ਭੂਚਾਲ ਆਇਆ। ਉਸ ਸ਼ਹਿਰ ਵਿੱਚ ਵੀ ਸੁਨਾਮੀ ਦੀ ਵਾਰਨਿੰਗ ਦੇ ਦਿੱਤੀ ਗਈ ਸੀ। ਜਦੋਂ ਭੁਚਾਲ ਆਇਆ ਤਾਂ ਉਹ ਦੋ ਕਰਮਚਾਰੀ ਗੱਡੀ ਵਿੱਚ ਜਾ ਰਹੇ ਸੀ। ਗੱਡੀ ਨੇ ਇੱਕ ਪਾਸੇ ਨੂੰ ਜਾਣਾ ਸ਼ੁਰੂ ਕਰ ਦਿੱਤਾ। ਉਸ ਨੂੰ ਲੱਗਾ ਕਿ ਉਸ ਨੂੰ ਚੱਕਰ ਆ ਰਹੇ ਹਨ। ਫਿਰ ਲੱਗਾ ਕਿ ਸ਼ਾਇਦ ਗੱਡੀ ਦਾ ਟਾਇਰ ਪੰਕਚਰ ਹੋ ਗਿਆ ਹੈ। ਉਹ ਨਾਲ ਵਾਲੇ ਸਾਥੀ ਨੂੰ ਕਹਿਣ ਲੱਗਾ ਕਿ ਲਗਦਾ ਟਾਇਰ ਪੰਕਚਰ ਹੋ ਗਿਆ ਹੈ। ਏਨੇ ਨੂੰ ਗੱਡੀ ਵਿੱਚ ਹੀ ਸੰਬੰਧਤ ਮਹਿਕਮੇ ਵਲੋਂ ਸੁਨੇਹਾ ਆ ਗਿਆ ਕਿ ਭੂਚਾਲ ਆ ਗਿਆ ਹੈ ਅਤੇ ਸੁਨਾਮੀ ਦੀ ਵਾਰਨਿੰਗ ਜਾਰੀ ਹੋ ਗਈ ਹੈ। ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਛੇਤੀ ਪਹੁੰਚਾਉਣ ਵਿੱਚ ਮੱਦਦ ਕੀਤੀ ਜਾਵੇ। ਉਸ ਨੇ ਆਪਣੇ ਪਰਿਵਾਰ ਨੂੰ ਫੋਨ ਲਗਾਇਆ ਜੋ ਕਿ ਘਰ ਤੋਂ ਪਹਿਲਾਂ ਹੀ ਬਾਹਰ ਆ ਗਏ ਸਨ। ਉਨਾਂ ਨੂੰ ਕਿਹਾ ਕਿ ਘਰ ਵਿੱਚ ਪਿਆ ਬੈਗ ਜਿਸ ਵਿੱਚ ਜ਼ਰੂਰੀ ਕਾਗਜ਼ ਅਤੇ ਖਾਣ ਦਾ ਸੁੱਕਾ ਸਮਾਨ ਸੀ ਲੈ ਕੇ ਛੇਤੀ ਸਭ ਤੋਂ ਉੱਚੀ ਪਹਾੜੀ'ਤੇ ਚਲੇ ਜਾਵੋ। ਉਹ ਪਰਿਵਾਰਕ ਮੈਂਬਰ ਬੈਗ ਲੈ ਕੇ ਆਪਣੀ ਗੱਡੀ ਵਿੱਚ ਬੈਠ ਕੇ ਪਹਾੜੀ'ਤੇ ਚੜ ਗਏ ਪਰ ਉਹ ਆਪਣੇ ਨਾਲ ਦੇ ਕਰਮਚਾਰੀ ਨਾਲ ਰਲ ਕੇ ਆਪਣੀ ਜਾਨ ਖ਼ਤਰੇ ਵਿੱਚ ਪਾ ਕੇ ਹੋਰਾਂ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਵਿੱਚ ਰੁਝ ਗਿਆ।

ਇਸੇ ਤਰਾਂ ਸਿਹਤ ਕਰਮਚਾਰੀਆਂ ਨੇ, ਫਾਇਰ ਬ੍ਰਿਗੇਡ, ਐਂਮਬੂਲੈਂਸ ਅਤੇ ਪੁਲਿਸ ਕਰਮਚਾਰੀਆਂ ਨੇ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਈ।

ਇਨਾਂ ਸੇਵਾਵਾਂ ਦੇਣ ਵਾਲਿਆਂ ਵਾਸਤੇ ਇਹ ਕੋਈ ਨਵਾਂ ਕੰਮ ਨਹੀਂ ਸੀ। ਉਹ ਤਾਂ ਰੋਜ਼ਾਨਾ ਲੋਕਾਂ ਦੀਆਂ ਜ਼ਿੰਦਗੀਆਂ ਬਚਾਉਣ ਦਾ ਹੀ ਕੰਮਕਰਦੇ ਹਨ।


ਜ਼ਿੰਦਗੀ ਇਹ ਲੋਕ ਬਚਾਉਂਦੇ ਹਨ ਅਤੇ ਲੋਕ ਇਨਾਂ ਦਾ ਧੰਨਵਾਦ ਕਰਨ ਦੀ ਬਜਾਏ ਹੱਥ ਜੋੜ ਕੇ ਰੱਬ ਦਾ ਧੰਨਵਾਦ ਕਰਦੇ ਹਨ।

ਇਸੇ ਤਰਾਂ ਕਰੋਨਾ ਦੇ ਦੌਰ ਵਿੱਚ ਹੋਈ। ਜਦੋਂ ਪਹਿਲੇ ਲੋਕ ਡੌਨ ਵੇਲੇ ਲੌਕ ਜ਼ਿਆਦਾ ਡਰ ਗਏ ਕਿਉਂਕਿ ਕਰੋਨਾ ਬਾਰੇ ਜਾਣਕਾਰੀ ਦੀ ਘਾਟ ਸੀ। ਲੋਕ ਆਪਣੀ ਜਾਨ ਬਚਾ ਕੇ ਘਰਾਂ ਵਿੱਚ ਬੈਠ ਗਏ ਪਰ ਐਮਰਜੈਂਸੀ ਸੇਵਾਵਾਂ ਵਾਲੇ ਸੇਵਾਵਾਂ ਦੇਣ'ਤੇ ਲੱਗੇ ਰਹੇ। ਸਭ ਤੋਂ ਵੱਧ ਤੰਗੀ ਸਿਹਤ ਸੇਵਾਵਾਂ ਦੇਣ ਵਾਲਿਆਂ ਨੂੰ ਹੋਈ। ਜਿੱਥੇ ਉਹ ਹਸਪਤਾਲ ਵਿੱਚ ਲੋਕਾਂ ਨੂੰ ਬਚਾਉਣ ਦਾ ਫਰਜ਼ ਨਿਭਾ ਰਹੇ ਸੀ। ਉੱਥੇ ਹੀ ਲੋਕ ਉਨਾਂ ਦੇ ਖਾਣ ਜੋਗਾ ਰਾਸ਼ਣ ਵੀ ਦੁਕਾਨਾਂ 'ਤੇ ਨਹੀਂ ਛੱਡਦੇ ਸੀ ਅਤੇ ਉਨਾਂ ਨੂੰ ਕਈ ਚੀਜ਼ਾਂ ਤੋਂ ਖਾਲੀ ਹੱਥ ਘਰ ਨੂੰ ਪਰਤਣਾ ਪੈਂਦਾ ਸੀ।

ਜਦੋਂ ਸਭ ਤੋਂ ਪਹਿਲਾ ਲੌਕ ਡੌਨ ਨਿਊਜ਼ੀਲੈਂਡ ਵਿੱਚ ਖਤਮ ਹੋਇਆ ਤਾਂ ਕਿਸੇ ਨੇ ਪੋਸਟ ਪਾਈ ਕਿ ਲੌਕ ਡੌਨ ਤੋਂ ਬਾਦ ਤੁਸੀਂ ਕਿਸ ਦਾ ਧੰਨਵਾਦ ਕਰਨਾ ਚਾਹੋਗੇ ਤਾਂ 90% ਲੋਕਾਂ ਨੇ ਕਿਹਾ ਕਿ ਰੱਬ ਦਾ ਧੰਨਵਾਦ ਕਰਾਂਗੇ। ਮੈਂ ਲਿਖਿਆ ਕਿ ਮੈਂ ਸਾਰੇ ਐਮਰਜੈਂਸੀ ਸੇਵਾਵਾਂ ਦੇਣ ਵਾਲਿਆਂ ਦਾ ਅਤੇ ਜ਼ਰੂਰੀ ਸੇਵਾਵਾਂ (**essential service)** ਦੇਣ ਵਾਲੇ ਕਾਮਿਆਂ ਦਾ ਧੰਨਵਾਦ ਕਰਾਂਗਾ ਜਿਨਾਂ ਨੇ ਸਾਰਾ ਮੁਲਕ ਬਚਾਇਆ। ਜੇ ਉਹ ਸੇਵਾਵਾਂ ਨਾ ਦਿੰਦੇ ਤਾਂ ਖਾਣ ਨੂੰ ਰਾਸ਼ਣ ਵੀ ਨਹੀਂ ਸੀ ਮਿਲਣਾ ਸੀ।

ਲੋੜ ਹੈ ਐਮਰਜੈਂਸੀ ਸੇਵਾਵਾਂ ਅਤੇ ਜ਼ਰੂਰੀ ਸੇਵਾਵਾਂ ਦੇਣ ਵਾਲੇ ਕਰਮਚਾਰੀਆਂ ਦਾ ਧੰਨਵਾਦ ਕਰਨ ਦੀ ਜੋ ਆਪਣੀ ਜਾਨ ਖ਼ਤਰੇ ਵਿੱਚ ਪਾ ਕੇ ਦੂਜਿਆਂ ਨੂੰ ਮੌਤ ਦੇ ਮੂੰਹ ਵਿਚੋਂ ਕੱਢ ਲਿਆਉਂਦੇ ਹਨ।

**– ਅਵਤਾਰ ਸਿੰਘ**



# GOLIAN Consultants

Immigration Specialists since 1988.

**Contact us for:**

* Business Visa Assessment
* Skilled Work Visa Assessment
*Student Visa Assessment

Level 1, 3 Campbell Road,
Royal Oak, Auckland
NEW ZEALAND


Email: golian@golian.co.nz

Phone: 021 624 120, 096 241 204

# GILL TRAVELS

GILL TRAVELS
DREAM. EXPLORE. DISCOVER

IATA



Your Own Travel Company
ਤੁਹਾਡੀ ਆਪਣੀ ਟਰੈਵਲ ਕੰਪਨੀ
ਗਿੱਲ ਟਰੈਵਲਜ਼

Buy Cheap Flight Tickets
ਜਹਾਜ ਦੀਆ ਸਸਤੀਆ
ਟਿਕਟਾ ਖਰੀਦੋ

Flight Tickets | Holiday Packages | Passport Services

Hotel Booking | Overseas Money Transfer | OCI Card Services

Call - 09-392-7777 E-mail - info@gilltravels.co.nz

24/16 Lambie Drive, Manukau, Auckland 2104 | Interest free Payment options with GEM VISA & Q CARD

# JUST ONE PLACE


## FOR ALL FINANCIAL SERVICES YOU NEED

Mortgage Brokers | Insurance Brokers | Business Loans | Asset Finance Brokers

Professional Financial Solutions provides the best advice on all financial matters

## SERVICES

– ਘਰਾਂ ਦੇ ਲੋਨ
– ਬਿਜ਼ਨਸ ਦੇ ਲੋਨ
– ਲਾਈਫ/ਟਰੋਮਾ/ਮੈਡੀਕਲ ਇੰਸ਼ੋਰੈਂਸ
– ਰੀਡਨਡੈਂਸੀ/ਮਾਰਗੇਜ਼ ਪ੍ਰੋਟੈਕਸ਼ਨ ਇੰਸ਼ੋਰੈਂਸ
– ਕਾਰ, ਟਰੱਕ ਆਦਿ ਦੇ ਲੋਨ



Rohit Takyar 021 172 8962
Samir Khanna 021 0295 8787
Ram Vashist 021 401 535
Alpana Gupta 021 159 3453
Hareen Wijesena 022 560 1509
Varun Bhatti 022 673 1951
Amandeep 027 527 1702
Harshpinder Kaur 022 463 4089

A disclosure statement as required under Securities Act 1988 is freely available on request

**HEAD OFFICE**
35 Morningside Drive, St. Lukes
Mt. Albert, Auckland
**Ph: 09 846 9934, Fax: 09-846 9936**

**BRANCH OFFICE**
Level 1/203 Great South Road
Manurewa
Auckland

www.professionalfinancial.co.nz | Email: info@pfsl.co.nz

PROFESSIONAL FINANCIAL SOLUTIONS GROUP
Professional Financial Solutions Ltd.
Aim Associates Ltd.

# ਨਿਊਜ਼ੀਲੈਂਡ 'ਚ ਗੋਲਡਨ ਸਟਾਰ ਮਲਕੀਤ ਸਿੰਘ ਲਾਉਣਗੇ ਰੌਣਕਾਂ




ਆਕਲੈਂਡ- ਪੰਜਾਬੀਆਂ ਸਣੇ ਗੋਰਿਆਂ ਨੂੰ ਆਪਣੇ ਗੀਤਾਂ 'ਤੇ ਨਚਾਉਣ ਵਾਲੇ ਮਸ਼ਹੂਰ ਪੰਜਾਬੀ ਗਾਇਕ ਮਲਕੀਤ ਸਿੰਘ ਹੁਣ ਨਿਊਜ਼ੀਲੈਂਡ 'ਚ ਰੌਣਕਾਂ ਲਾਉਣ ਲਈ ਤਿਆਰ ਹਨ।ਗੋਲਡਨ ਸਟਾਰ ਦੇ ਨਾਮ ਨਾਲ ਜਾਣੇ ਜਾਂਦੇ ਮਲਕੀਤ ਸਿੰਘ ਇਸ ਸਾਲ ਅਕਤੂਬਰ ਮਹੀਨੇ 'ਚ ਸ਼ੋਅ ਲਾਉਣ ਲਈ ਨਿਊਜ਼ੀਲੈਂਡ ਪਹੁੰਚ ਰਹੇ ਹਨ।ਦੱਸ ਦੇਈਏ ਕਿ ਗੋਲਡਨ ਸਟਾਰ ਮਲਕੀਤ ਸਿੰਘ ਦਾ ਇਹ ਸ਼ੋਅ ਅਵੀ ਐਂਡ ਜੋਤ ਪ੍ਰੋਡਕਸ਼ਨ ਅਤੇ ਹਮਬਲ ਪ੍ਰੋਡਕਸ਼ਨ ਦੀ ਪੇਸ਼ਕਸ਼ ਹੈ। ਪ੍ਰਬੰਧਕਾਂ ਜੈਜ਼ ਸਿੰਘ, ਗੁਰਵੀਰ ਸਿੰਘ ਸੋਢੀ, ਅਵੀ ਅਤੇ ਜੋਤ ਨੇ ਦੱਸਿਆ ਕਿ ਸ਼ੋਅ ਦੀਆਂ ਤਿਆਰੀਆਂ ਜ਼ੋਰਾਂ-ਸ਼ੋਰਾਂ ਨਾਲ ਚੱਲ ਰਹੀਆਂ ਹਨ ਉੱਥੇ ਹੀ ਮਲਕੀਤ ਸਿੰਘ ਜੀ ਦੇ ਸ਼ੋਅ ਨੂੰ ਲੈ ਕੇ ਹਮੇਸ਼ਾ ਵਾਂਗ ਲੋਕਾਂ 'ਚ ਵੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ।ਪ੍ਰਬੰਧਕਾਂ ਨੇ ਜਾਣਕਾਰੀ ਸਾਂਝ ਕਰਦਿਆਂ ਦੱਸਿਆ ਕਿ ਮਲਕੀਤ ਸਿੰਘ 17 ਸਾਲ ਬਾਅਦ ਨਿਊਜ਼ੀਲੈਂਡ ਦੇ ਵਿੱਚ ਕੋਈ ਸ਼ੋਅ ਲਗਾਉਣ ਆ ਰਹੇ ਹਨ, ਜਿਸ ਕਾਰਨ ਉਨ੍ਹਾਂ ਨੂੰ ਵੀ ਕਾਫੀ ਏਣਚਿਟਏਮਏਨਟ ਹੈ।

ਜ਼ਿਕਰਯੋਗ ਹੈ ਕਿ ਗੋਲਡਨ ਸਟਾਰ ਮਲਕੀਤ ਸਿੰਘ ਜਿੱਥੇ ਪੰਜਾਬ 'ਚ ਆਪਣੀ ਗਾਇਕੀ ਕਰਕੇ ਮਸ਼ਹੂਰ ਨੇ ਉੱਥੇ ਹੀ ਵਿਦੇਸ਼ਾਂ 'ਚ ਵੀ ਉਨ੍ਹਾਂ ਦੀ ਗਾਇਕੀ ਦਾ ਜਾਦੂ ਲੋਕਾਂ ਦੇ ਸਿਰ ਚੜ ਕੇ ਬੋਲਦਾ ਹੈ ਫਿਰ ਉਹ ਭਾਵੇ ਕੋਈ ਪਰਵਾਸੀ ਪੰਜਾਬੀ ਹੋਵੇ ਜਾ ਕੋਈ ਗੋਰਾ ਹਰ ਕੋਈ ਉਨ੍ਹਾਂ ਦਾ ਗੀਤ ਸੁਣ ਥਿਰਕਣ ਦੇ ਲਈ ਮਜ਼ਬੂਰ ਹੋ ਜਾਂਦਾ ਹੈ।ਉਨ੍ਹਾਂ ਨੇ ਆਪਣੀ ਉੱਚੀ ਅਤੇ ਸੁੱਚੀ ਗਾਇਕੀ ਨਾਲ ਪ੍ਰਸ਼ੰਸ਼ਕਾਂ ਦਾ ਮਨ ਮੋਹਿਆ ਹੋਇਆ ਹੈ।


ਦੱਸਣਯੋਗ ਹੈ ਕਿ ਮਲਕੀਤ ਸਿੰਘ ਪਹਿਲਾ ਪੰਜਾਬੀ ਗਾਇਕ ਬਣ ਗਿਆ ਹੈ ਜਿਸ ਨੂੰ ਲੰਡਨ ਦੇ ਬਕਿੰਘਮ ਪੈਲੇਸ ਵਿਖੇ ਮਹਾਰਾਣੀ ਐਲਿਜ਼ਾਬੈਥ II ਦੁਆਰਾ ਬ੍ਰਿਟਿਸ਼ ਸਾਮਰਾਜ ਦੇ ਮੈਂਬਰ ਆਫ ਮੋਸਟ ਐਕਸੀਲੈਂਟ ਆਰਡਰ ਦੇ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਸੀ।2008 ਵਿੱਚ, ਮਲਕੀਤ ਸਿੰਘ ਨੂੰ 2008 ਦੇ ਨਵੇਂ ਸਾਲ ਦੇ ਸਨਮਾਨਾਂ ਵਿੱਚ ਆਰਡਰ ਆਫ਼ ਦਾ ਬ੍ਰਿਟਿਸ਼ ਐਂਪਾਇਰ (ਭਓ) ਦਾ ਮੈਂਬਰ ਨਿਯੁਕਤ ਕੀਤਾ ਗਿਆ ਸੀ।

ਦੱਸ ਦੇਈਏ ਕਿ ਗੋਲਡਨ ਸਟਾਰ ਮਲਕੀਤ ਸਿੰਘ ਜੀ ਦਾ ਸ਼ੋਅ 27 ਅਕਤੂਬਰ ਨੂੰ ਸ਼ਾਮ 7 ਵਜੇ ਧੁਏ ਧਰੋਪ ਓਵਏਨਟਸ ਛਏਨਟਰਏ – ਅੁਚਕਲਓਨਦ ਵਿੱਚ ਹੋਵੇਗਾ ਤੇ ਜਲਦ ਹੀ ਇਸ ਸ਼ੋਅ ਦੀਆਂ ਟਿਕਟਾਂ ਨੂੰ ਮਿਲਣੀਆਂ ਸ਼ੁਰੂ ਹੋ ਜਾਣਗੀਆਂ ਤੇ ਉਹ ਵੀ ਵਾਜਬ ਰੇਟਾਂ 'ਤੇ ਜਿਸ ਦੀ ਜਾਣਕਾਰੀ ਤੁਸੀ ਰੇਡੀਓ ਸਾਡੇ ਆਲਾ ਦੇ ਫੇਸਬੁੱਕ ਪੇਜ ਅਤੇ ਅਵੀ ਐਂਡ ਜੋਤ ਪ੍ਰੋਡਕਸ਼ਨ ਅਤੇ ਹਮਬਲ ਪ੍ਰੋਡਕਸ਼ਨ ਦੇ ਸੋਸ਼ਲ ਮੀਡੀਆ ਅਕਾਊਂਟਸ ਤੋਂ ਵੀ ਲੈ ਸਕਦੇ ਹੋ।ਟਿਕਟਾਂ ਅਤੇ ਸਪੋਨਸੋਰਸਹਿਪ ਸਬੰਧੀ ਜਿਆਦਾ ਜਾਣਕਾਰੀ ਲਈ ਤੁਸੀ 0211114352 ਤੇ 0277860004 'ਤੇ ਸੰਪਰਕ ਕਰ ਸਕਦੇ ਹੋ।

New Zealand Kabaddi Federation
In Association with
New Zealand Sikh Games
Presents
SPORTS
CULTURAL EVENTS
OCT - NOV 2023
15 OCT PUNJAB SPORTS CLUB HASTINGS
22 OCT AMBEDKAR SPORTS CLUB BOMBAY
28/29 OCT BAY OF PLENTY TAURANGA
5 NOV BOTANY SPORTS CLUB
12 NOV SHERE PUNJAB PAPAMOA
19 NOV YOUTH CLUB HAMILTON
25/26 NOV NZ SIKH GAMES AUCKLAND
Kabaddi, Soccer, Volleybal, Cricket, Kids Games, Bhangra, Volleyball Shooting, Turban Training,Weight Lifting, Ladies Musical Chair, Body Building & more...
Venues will be advised by tournament hosting clubs
Supported by: World Kabbadi Council of New Zealand Inc., Women Kabbadi Federation NZ
Media Partner: Radio Spice, Radio Sade aala, Kuk Punjabi Samachar, Punjabi Herald, NZ Tasveer News, Daily Khabar
For More Information Contact:
Tirath Atwal - 021 214 6760, Harpreet Raisar - 021 173 3361, Avtar Singh Tari - 027 226 7453, Varinder Sidhu - 021 183 2206
Email: nzkabaddifederation@gmail.com

KWALITY
MINI BAZAAR
Store's Name and address:
1. Kwality Mini Bazaar Papatoetoe
286 Great South Road, Papatoetoe, Auckland -2025
2. Kwality Mini Bazaar Botany
5/2 Bishop Dunn Place, Flat Bush, Auckland - 2013
3. Kwality Mini Bazaar Manurewa
88F Great South Road, Takanini- 2112
4. Kwality Mini Bazaar Papakura
305 Great South Road, Takanini, Auckland - 2112
ਵਧੀਆ ਅਤੇ ਸਾਫ ਸੁਥਰੀ ਗਰੋਸਰੀ ਵਾਸਤੇ ਇੱਕੋ ਇੱਕ ਨਾਂ ਯਾਦ ਰੱਖੋ
KWALITY MINI BAZAAR
PAPATOETOE
PAPAKURA
MANUREWA

# ਸਾਡੇ ਬਹਾਦਰ ਯੋਧਿਆਂ ਦੀ ਕਹਾਣੀ ਹੈ ਫ਼ਿਲਮ 'ਮਸਤਾਨੇ'




ਪੰਜਾਬੀ ਫ਼ਿਲਮ 'ਮਸਤਾਨੇ' ਦੁਨੀਆ ਭਰ 'ਚ ਕੱਲ ਯਾਨੀ 25 ਅਗਸਤ ਨੂੰ ਰਿਲੀਜ਼ ਹੋਈ ਹੈ। ਇਸ ਫ਼ਿਲਮ ਨੂੰ ਲੋਕਾਂ ਵਲੋਂ ਖ਼ੂਬ ਪਿਆਰ ਮਿਲ ਰਿਹਾ ਹੈ। ਇਹ ਵੀ ਦੱਸਿਆ ਗਿਆ ਕੀ ਜਦੋਂ ਫ਼ਿਲਮ 'ਚ ਅਰਦਾਸ ਹੁੰਦੀ ਹੈ ਤਾਂ ਥਿਏਟਰ 'ਚ ਮੌਜ਼ੂਦ ਸਾਰੇ ਲੋਕ ਖੜ੍ਹੇ ਹੋ ਜਾਂਦੇ ਹਨ, ਜੋ ਕਿ ਪਹਿਲੀ ਵਾਰ ਹੋਇਆ ਹੈ। ਫ਼ਿਲਮ 'ਚ ਤਰਸੇਮ ਜੱਸੜ, ਸਿੰਮੀ ਚਾਹਲ, ਗੁਰਪ੍ਰੀਤ ਘੁੱਗੀ, ਰਾਹੁਤ ਦੇਵ, ਕਰਮਜੀਤ ਅਨਮੋਲ, ਹੰਨੀ ਮੱਟੂ, ਬਨਿੰਦਰ ਬੰਨੀ, ਅਵਤਾਰ ਗਿੱਲ ਤੇ ਆਰਿਫ ਜ਼ਕਾਰੀਆ ਮੁੱਖ ਭੂਮਿਕਾ ਨਿਭਾਅ ਰਹੇ ਹਨ। ਫ਼ਿਲਮ ਨੂੰ ਸ਼ਰਨ ਆਰਟ ਵਲੋਂ ਲਿਖਿਆ ਤੇ ਡਾਇਰੈਕਟ ਕੀਤਾ ਗਿਆ ਹੈ। ਫ਼ਿਲਮ ਦੇ ਪ੍ਰੋਡਿਊਸਰ ਮਨਪ੍ਰੀਤ ਜੌਹਲ, ਆਸ਼ੂ ਮੁਨੀਸ਼ ਸਾਹਨੀ, ਕਰਮਜੀਤ ਸਿੰਘ ਜੌਹਲ ਤੇ ਰਾਜਵਿੰਦਰ ਸਿੰਘ ਢਿੱਲੋਂ ਹਨ।


''ਇਹ 1739 ਦੇ ਸਮੇਂ ਦੀ ਕਹਾਣੀ ਹੈ। ਜਦੋਂ ਨਾਦਰ ਸ਼ਾਹ ਨੇ ਹਮਲਾ ਕੀਤਾ ਸੀ ਤੇ ਲਾਹੌਰ ਤੇ ਦਿੱਲੀ ਨੂੰ ਲੁੱਟਿਆ ਸੀ। ਇਹ ਸਿੱਖਾਂ ਦਾ ਸਭ ਤੋਂ ਸੰਘਰਸ਼ ਵਾਲਾ ਸਮਾਂ ਸੀ। ਜਦੋਂ ਜ਼ਕਰੀਆ ਨੇ ਸਿੱਖਾਂ ਦੇ ਸਿਰਾਂ ਦੇ ਮੁੱਲ ਪਾ ਦਿੱਤੇ ਸਨ ਤੇ ਸਿੱਖ ਸ਼ਹੀਦ ਹੁੰਦੇ ਸਨ। ਉਹ ਸਭ ਤੋਂ ਮਾੜਾ ਤੇ ਔਖਾ ਦੌਰ ਰਿਹਾ। ਉਸ ਤੋਂ ਬਾਅਦ ਅਸੀਂ ਮਿਸਲਾਂ ਵੱਲ ਵਧੇ ਹਾਂ, ਫਿਰ ਅਸੀਂ ਰਾਜ ਵੱਲ ਵਧੇ। ਇਹ ਉਸ ਸਮੇਂ ਦੀ ਕਹਾਣੀ ਹੈ, ਜਿਥੋਂ ਆਪਣੀ ਜੜ੍ਹ ਹੌਲੀ-ਹੌਲੀ ਲੱਗਣੀ ਸ਼ੁਰੂ ਹੋਈ ਸੀ।''

'ਮਸਤਾਨੇ' ਸਿੱਖ ਕੌਮ ਦੀ ਅਣਗਿਣਤ ਵਿਰਾਸਤ ਨੂੰ ਉਜਾਗਰ ਕਰਦੀ ਹੈ, ਨਿਆਂ ਤੇ ਆਜ਼ਾਦੀ ਦੇ ਰਾਖਿਆਂ ਵਜੋਂ ਉਨ੍ਹਾਂ ਦੇ ਇਤਿਹਾਸ 'ਚ ਡੂੰਘਾਈ ਨਾਲ ਖੋਜ ਕਰਦੀ ਹੈ। 18ਵੀਂ ਸਦੀ 'ਚ ਸੈੱਟ ਕੀਤੀ ਗਈ ਇਹ ਫ਼ਿਲਮ ਦਰਸਾਉਂਦੀ ਹੈ ਕਿ ਸਿੱਖ ਕੀ ਹਨ ਤੇ ਉਹ ਸਾਰੀਆਂ ਮੁਸ਼ਕਿਲਾਂ ਦੇ ਵਿਰੁੱਧ ਕਿਸ ਲਈ ਖੜ੍ਹੇ ਸਨ। ਇਤਿਹਾਸ ਦੌਰਾਨ ਸਿੱਖਾਂ ਨੇ ਬੇਮਿਸਾਲ ਬਹਾਦਰੀ ਦਾ ਪ੍ਰਦਰਸ਼ਨ ਕੀਤਾ ਹੈ। ਆਪਣੇ ਵਿਸ਼ਵਾਸ ਦੀ ਰੱਖਿਆ ਕਰਨ ਤੇ ਦੂਜਿਆਂ ਦੇ ਹੱਕਾਂ ਦੀ ਰਾਖੀ ਲਈ ਡੂੰਘੀਆਂ ਕੁਰਬਾਨੀਆਂ ਕੀਤੀਆਂ ਹਨ। ਸਿੱਖ ਇਤਿਹਾਸ ਦੀ ਭਰਪੂਰ ਕਹਾਣੀ ਮੁਸੀਬਤਾਂ ਦੇ ਸਾਹਮਣੇ ਨਿਆਂ, ਹਮਦਰਦੀ ਤੇ ਨਿਰਸਵਾਰਥਤਾ ਪ੍ਰਤੀ ਉਨ੍ਹਾਂ ਦੀ ਅਟੁੱਟ ਵਚਨਬੱਧਤਾ ਦਾ ਪ੍ਰਮਾਣ ਹੈ। ਫਿਰ ਵੀ ਇਹ ਬਦਕਿਸਮਤੀ ਦੀ ਗੱਲ ਹੈ ਕਿ ਉਨ੍ਹਾਂ ਦੀਆਂ ਕਮਾਲ ਦੀਆਂ ਪ੍ਰਾਪਤੀਆਂ ਨੂੰ ਅਣਗੌਲਿਆ ਯੋਗਦਾਨਾਂ ਦੀ ਅਫਸੋਸਨਾਕ ਹਕੀਕਤ ਨੂੰ ਦਰਸਾਉਂਦੇ ਆਮ ਵਾਕੰਸ਼ 'ਸਿੱਖਾਂ ਦੇ 12 ਵਜ ਗਏ' 'ਚ ਗੂੰਜਿਆ ਗਿਆ ਹੈ। ਫਿਲਮ ਦੀ 9 ਦਿਨਾਂ ਦੀ ਕਮਾਈ 17 ਕਰੋੜ 12 ਲੱਖ ਤੋਂ ਉੱਪਰ ਦਾ ਅੰਕੜਾ ਪਾਰ ਕਰ ਚੁੱਕੀ ਹੈ। ਤਰਸੇਮ ਜੱਸੜ ਨੇ ਲਿਖਿਆ, ''ਤਹਿ ਦਿਲੋਂ ਸ਼ੁਕਰੀਆ ਸਾਰਿਆਂ ਦਾ, ਤੁਹਾਡੇ ਪਿਆਰ ਦੇ ਅੱਗੇ ਸਿਰ ਝੁਕਦਾ। ਮੇਰੇ ਕੋਲ ਲਫ਼ਜ਼ ਨਹੀਂ ਸ਼ੁਕਰੀਆ ਕਰਨ ਲਈ। ਉਨ੍ਹਾਂ ਸਾਰੀਆਂ ਮਾਵਾਂ ਨੂੰ, ਬਜ਼ੁਰਗਾਂ ਨੂੰ ਸੈਲਿਊਟ ਜਿਹੜੇ ਪਤਾ ਨਹੀਂ ਕਿੰਨੇ ਸਾਲਾਂ ਬਾਅਦ ਸਿਨੇਮਾ 'ਚ ਗਏ ਫ਼ਿਲਮ ਦੇਖਣ।''

ਤਰਸੇਮ ਜੱਸੜ ਨੇ ਕਿਹਾ, ''ਸਾਰੇ ਉਨ੍ਹਾਂ ਵੀਰਾਂ ਦਾ ਧੰਨਵਾਦ ਜਿਹੜੇ ਕੋਈ ਟਰੈਕਟਰ ਟਰਾਲੀਆਂ ਭਰ ਕੇ ਗਏ। ਤੁਸੀਂ ਸਾਰਿਆਂ ਨੇ ਇਸ ਫ਼ਿਲਮ ਨੂੰ ਆਪਣੀ ਫ਼ਿਲਮ ਬਣਾਇਆ ਤੇ ਸਾਡੇ ਉਸ ਮਹਾਨ ਇਤਿਹਾਸ ਨੂੰ ਦਿਲੋਂ ਸਲਾਮ ਕਰਦੇ ਹੋਏ ਇੰਨਾ ਪਿਆਰ ਦਿੱਤਾ। ਇਹ ਸਾਥ ਪਿਆਰ ਇੰਝ ਹੀ ਜਾਰੀ ਰੱਖਣਾ, ਅਸੀਂ ਇਕ ਮਿਸਾਲ ਜ਼ਰੂਰ ਪੇਸ਼ ਕਰਨੀ ਹੈ ਕਿ ਚੰਗੀਆਂ ਫ਼ਿਲਮਾਂ ਵੀ ਇਤਿਹਾਸ ਸਿਰਜ ਸਕਦੀਆਂ ਹਨ।''

ਅਖੀਰ 'ਚ ਤਰਸੇਮ ਜੱਸੜ ਨੇ ਕਿਹਾ, ''ਇਸ ਫ਼ਿਲਮ 'ਚ ਹੀਰੋ ਸਾਡੇ ਉਹ ਸਿੰਘ ਹਨ, ਉਹ ਯੋਧੇ ਹਨ, ਜਿਹੜੇ ਆਪ ਸ਼ਹੀਦੀਆਂ ਪਾ ਕੇ ਜਿਊਣਾ ਸਿਖਾ ਗਏ। ਇਹ ਸਿਰਫ਼ ਸੱਚੇ ਪਾਤਸ਼ਾਹ ਦੀ ਕਿਰਪਾ ਉਸ ਦੀ ਵਡਿਆਈ ਹੈ, ਜਿਹੜੀ ਉਨ੍ਹਾਂ ਨੇ ਸਾਡੇ ਵਰਗੇ ਨਿਮਾਣਿਆਂ ਨੂੰ ਨਾਚੀਜ਼ਾਂ ਨੂੰ ਪਿਆਰ ਤੇ ਆਸ਼ੀਰਵਾਦ ਦੇ ਦਿੱਤਾ।''






## ਪੰਜਾਬ ਤੋਂ ਕੋਈ ਵੀ ਵਸਤੂ ਆਪਣੇ ਕੋਲ ਨਿਊਜੀਲੈਂਡ ਵਿੱਚ ਘਰ ਬੈਠੇ ਮੰਗਵਾਉ

ਦੋਸਤੋ ਅਸੀਂ ਤੁਹਾਡੇ ਲਈ ਨਵੀਂ ਤਰ੍ਹਾਂ ਦੀ ਸੇਵਾ ਸ਼ੁਰੂ ਕਰ ਰਹੇ ਹਾਂ ਜਿਸ ਵਿੱਚ ਤੁਸੀਂ ਜੇ ਪੰਜਾਬ ਤੋਂ ਕੋਈ ਵੀ ਵਸਤੂ ਆਪਣੇ ਕੋਲ ਨਿਊਜੀਲੈਂਡ ਵਿੱਚ ਘਰ ਬੈਠੇ ਮੰਗਵਾਉਣਾ ਚਹੁੰਦੇ ਹੋ ਤਾਂ ਅਸੀਂ ਇਸ ਵਿੱਚ ਤੁਹਾਡੀ ਮੱਦਦ ਕਰ ਸਕਦੇ ਹਾਂ। ਅਸੀਂ ਹਰ ਉਹ ਚੀਜ ਜੋ ਦੋਂਹੇ ਦੇਸ਼ਾਂ ਵਿੱਚ ਕਿਸੇ ਵੀ ਤਰ੍ਹਾਂ ਗੈਰਕਾਨੂੰਨੀ ਨਾ ਹੋਵੇ ਕੋਰੀਅਰ ਰਾਹੀਂ ਪੰਜਾਬ ਦੇ ਕਿਸੇ ਵੀ ਹਿੱਸੇ ਵਿੱਚੋਂ ਖਰੀਦਕੇ ਤੁਹਾਡੇ ਤੱਕ ਪਹੁੰਚਦੀ ਕਰ ਸਕਦੇ ਹਾਂ।



ਜੇ ਤੁਸੀਂ ਵੀ ਕੁਝ ਵੀ ਪੰਜਾਬ ਤੋਂ ਮੰਗਵਾਉਣਾ ਚਹੁੰਦੇ ਹੋ ਤਾਂ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: **+64274427338**
ਇੰਡੀਆ ਦਫਤਰ ਵਟਸਐਪ ਨੰਬਰ: **84277-12890**



# ਜਨਮ ਵੇਲੇ ਦੇ ਲੋਕਗੀਤ ਅਤੇ ਰਸਮਾਂ

ਪੰਜਾਬੀ ਸਭਿਆਚਾਰ ਵਿਚ ਜਦੋਂ ਵੀ ਕਿਸੇ ਘਰ ਪੁੱਤਰ ਜਨਮ ਲੈਂਦਾ ਹੈ ਤਾਂ ਜਸ਼ਨ ਮਨਾਏ ਜਾਂਦੇ ਹਨ। *'ਜੱਗ ਵਿਚ ਸੀਰ ਪਈ' ਆਮ ਆਖਿਆ ਜਾਂਦਾ ਹੈ। 'ਵੇਲ ਵਧੀ' ਮੰਨੀ ਜਾਦੀ ਹੈ। ਘਰ ਵਿਚ ਵਧਾਈਆਂ ਦੇਣ ਵਾਲਿਆਂ ਅਤੇ ਲਾਗੀਆਂ ਦਾ *ਤਾਂਤਾ ਲੱਗਿਆ ਰਹਿੰਦਾ ਹੈ। ਪਹਿਲਾਂ-ਪਹਿਲ ਲਾਗੀ ਬੂਹੇ ਤੇ ਅੰਬ ਦੇ ਪੱਤੇ ਬੰਨ੍ਹਣ ਆਉਂਦੇ, ਨਵ -ਜਨਮੇ ਬੱਚੇ ਲਈ ਲੱਕੜੀ ਦਾ *ਗਡੀਰਨਾ ਵਿਹੜੇ ਵਿਚ ਰੱਖਦੇ ਸਨ। ਵਧਾਈ ਹੋਵੇ ਦੀ ਅਵਾਜ਼ ਕੰਨਾਂ ਵਿਚ ਪੈਂਦੀ ਸੀ। ਤੜਾਗੀ ਲੈ ਕੇ ਆਈਆਂ ਬਾਜੀਗਰਨੀਆਂ ਗਿੱਧੇ ਦਾ ਪਿੜ ਬੰਨ੍ਹ ਕੇ ਮੂੰਹ ਮੰਗੀ ਵਧਾਈ ਲੈ ਜਾਂਦੀਆਂ ਸਨ। ਖ਼ੁਸਰੇ ਆਪਣੇ ਨਿਵੇਕਲ਼ੇ ਅੰਦਾਜ਼ ਵਿਚ 'ਵਧਾਈਆਂ' ਦਿੰਦੇ ਅਤੇ ਮੂੰਹ ਮੰਗੀ ਵਧਾਈ ਲੈਂਦੇ ਸਨ।

ਅਜੋਕੇ ਸਮੇਂ ਵਿਚ ਵੀ ਪੁੱਤਰ ਜੰਮਣ ਦੀ ਖ਼ੁਸ਼ੀ ਵਿਚ ਸਾਰੇ ਰਿਸ਼ਤੇਦਾਰਾਂ ਦੇ ਘਰਾਂ ਵਿੱਚ ਲੱਡੂਆਂ ਦੇ ਡੱਬੇ ਵੰਡੇ ਜਾਂਦੇ ਹਨ। ਧੀਆਂ-ਭੈਣਾਂ ਨੂੰ ਵਧਾਈ ਦੇ ਰੂਪ ਵਿਚ ਤੋਹਫ਼ੇ ਦਿੱਤੇ ਜਾਂਦੇ ਹਨ। ਅਨੇਕਾਂ ਸ਼ਗਨ ਮਨਾਏ ਜਾਂਦੇ ਅਤੇ ਘੋੜੀਆਂ ਗਾਈਆਂ ਜਾਂਦੀਆਂ ਹਨ। ਪੰਜਾਬੀ ਦਾ ਅਖਾਣ 'ਪੁੱਤ ਜੰਮਦੇ ਹੀ ਲਾੜੇ ਹੁੰਦੇ ਨੇ' ਅਮਲ ਵਿਚ ਆ ਜਾਂਦਾ ਹੈ। ਪੁੱਤਰ ਦੇ ਜਨਮ ਵੇਲੇ ਦੇ ਗੀਤਾਂ ਨੂੰ 'ਬਿਆ੍ਈਆਂ' ਆਖਿਆ ਜਾਂਦਾ ਹੈ। ਬਿਆ੍ਈਆਂ ਤੋਂ ਪਹਿਲਾਂ ਪੰਜਾਬੀ ਮਾਵਾਂ ਨੇ 'ਲੋਰੀਆਂ' ਨੂੰ ਰਚਿਆ ਪ੍ਰਤੀਤ ਹੁੰਦਾ ਹੈ। ਇਸ ਲਈ ਪਹਿਲਾਂ ਲੋਰੀਆਂ ਦੀ ਗੱਲ ਕਰਨਾ ਜ਼ਰੂਰੀ ਹੈ।

**ਲੋਰੀਆਂ:** ਪਹਿਲਾਂ ਪਹਿਲ ਪੰਜਾਬੀਆਂ ਦਾ ਮੁੱਖ ਕਿੱਤਾ ਖੇਤੀ ਸੀ। ਮਰਦ ਸਾਰਾ ਦਿਨ ਘਰੋਂ ਬਾਹਰ ਖੇਤਾਂ ਵਿਚ ਕੰਮ ਕਰਦਾ ਸੀ। ਔਰਤ ਘਰ ਦਾ ਚੁੱਲ੍ਹਾ-ਚੌਂਕਾ ਸਾਂਭਣ ਵਿਚ ਮਸ਼ਰੂਫ਼ ਹੁੰਦੀ ਸੀ। ਘਰ ਦੇ ਕੰਮ-ਕਾਰ ਵਿਚ ਰੁੱਝੀ ਮਾਂ ਰੋਂਦੇ ਹੋਏ ਬੱਚੇ ਨੂੰ ਤੱਕਦੇ ਹੀ ਹਥਲੇ ਕੰਮ ਛੱਡ ਦਿੰਦੀ ਸੀ। ਉਹ ਰੋਂਦੇ ਹੋਏ ਬੱਚੇ ਨੂੰ ਚੁੱਕ ਕੇ ਉਸਦਾ ਮੱਥਾ ਚੁੰਮਦੀ, ਵਰਾਉਂਦੀ ਅਤੇ ਥਾਪੜਦੀ ਲੋਰੀਆਂ ਦਿੰਦੀ ਸੀ। ਇਹ ਲੋਰੀਆਂ ਮਾਂ ਦੀ ਮਮਤਾ ਦਾ ਪ੍ਰਗਟਾਵਾ ਹੁੰਦੀਆਂ ਸਨ। ਲੋਰੀ ਦਾ ਉਚਾਰਨ ਅਤੇ ਸੁਰ ਇਲਾਕੇ ਦੇ ਸਭਿਆਚਾਰ ਅਤੇ ਬੋਲੀ ਤੋਂ ਪ੍ਰਭਾਵਿਤ ਹੁੰਦਾ ਸੀ। ਲੋਰੀਆਂ ਵਿਚ ਮਾਂ ਵਲੋਂ ਨਵ ਜਨਮੇ ਬੱਚੇ ਨਾਲ ਹਰ ਰਿਸ਼ਤੇ ਦੀ ਜਾਣ-ਪਛਾਣ ਕਰਵਾਉਣ ਦੀ ਕੋਸ਼ਿਸ ਹੁੰਦੀ ਸੀ। 'ਲੋਰ' ਤੋਂ ਭਾਵ ਦਿਲ ਵਿਚੋਂ ਉੱਠੀ ਤਰੰਗ ਅਤੇ ਚਾਅ ਹੈ। ਡਾ. ਕਰਨੈਲ ਸਿੰਘ ਥਿੰਦ ਨੇ ਲਿਖਿਆ ਹੈ ਕਿ ਲੋਰੀਆਂ ਪੰਜਾਬ ਦੇ ਅਜਿਹੇ ਲੋਕਗੀਤ ਹਨ, ਜਿਹੜੇ ਮਾਂ ਜਾਂ ਭੈਣ ਦੁਆਰਾ ਬੱਚੇ ਨੂੰ ਚੁੱਪ ਕਰਾਉਣ, ਜੀ ਪਰਚਾਉਣ ਤੇ ਸੁਲਾਉਣ ਲਈ ਗਾਏ ਜਾਂਦੇ ਸਨ। ਲੋਰੀ ਦਾ ਹਲਕੋਰੇ ਅਥਵਾ ਪੰਘੂੜੇ 'ਤੇ ਝੂਟਿਆਂ ਨਾਲ ਡੂੰਘਾ ਸੰਬੰਧ ਸੀ। ਬਹੁਤੀ ਵਾਰੀ ਬੱਚੇ ਨੂੰ ਪੰਘੂੜੇ ਵਿੱਚ ਲਿਟਾ ਕੇ ਝੂਟਿਆਂ ਦੇ ਨਾਲ-ਨਾਲ ਲੋਰੀ ਦੀ ਧੁਨ ਵੀ ਅਲਾਪੀ ਜਾਂਦੀ ਸੀ।

ਰਸੂਲ ਹਮਜ਼ਾਤੋਵ ਆਪਣੀ ਮਾਂ ਦੀਆਂ ਲੋਰੀਆਂ ਨੂੰ ਬਖਸ਼ਿਸ਼ਾਂ ਮੰਨਦੇ ਹੋਏ ਲਿਖਦਾ ਹੈ, "ਮਾਂ ਦੀ ਲੋਰੀ ਇਕ ਚਸ਼ਮਾ ਹੈ, ਜਿਹੜਾ ਪਿਆਸ ਬੁਝਾਉਂਦਾ ਹੈ। ਇਹ ਉਹ ਚੁੱਲ੍ਹਾ ਹੈ, ਜਿਹੜਾ ਮੈਨੂੰ ਨਿੱਘ ਦਿੰਦਾ ਹੈ।"

ਇਨ੍ਹਾਂ ਲੋਰੀਆਂ ਵਿਚ ਹਰ ਰਿਸ਼ਤੇ ਦੇ ਜ਼ਿਕਰ ਅਤੇ ਅਹਿਮੀਅਤ ਦੀ ਝਲਕ ਮਨ ਮੋਹ ਲੈਂਦੀ ਸੀ। ਲੋਰੀਆਂ ਨਵ-ਜਨਮੇ ਰੋਂਦੇ ਬਾਲ ਨੂੰ ਚੁੱਪ ਕਰਾਉਣ ਅਤੇ ਵਰਾਉਣ ਲਈ ਹੀ ਨਹੀਂ ਸਗੋਂ ਨੀਂਦ ਦੀ ਗੋਦ ਤੱਕ ਪਹੁੰਚਾਉਣ ਲਈ ਦਿੱਤੀਆਂ ਜਾਂਦੀਆਂ ਸਨ। ਇਸ ਤੋਂ ਵੀ ਵੱਧ ਇਹ ਮਾਂ ਦੀ ਮਮਤਾ ਅਤੇ ਅਸੀਸਾਂ ਨਾਲ ਬਣੀ ਹੋਈ ਮਾਖਿਓਂ ਮਿੱਠੀ ਚਾਸ਼ਣੀ ਸਨ।

ਅਜੋਕੇ ਸਮਾਜ ਵਿਚ ਕੰਮ-ਕਾਜੀ ਮਾਵਾਂ ਕੋਲ ਲੋਰੀਆਂ ਦਾ ਵਕਤ ਨਹੀਂ ਰਿਹਾ। ਦਾਦੀਆਂ-ਨਾਨੀਆਂ ਬੱਚੇ ਨੂੰ ਚੁੱਕਦੇ ਵਕਤ ਲੋਰੀਆਂ ਜਰੂਰ ਦੇ ਰਹੀਆਂ ਹਨ। ਅਮਰੀਕਾ ਵਿਚ ਆਮ ਕਰਕੇ ਬੱਚੇ ਨੂੰ ਜੰਮਦੇ ਹੀ *ਕਰਿੱਬ ਵਿਚ ਪਾ ਦਿੱਤਾ ਜਾਂਦਾ ਹੈ। ਉਸਦੇ ਸੌਣ ਲਈ ਸੀ ਡੀ ਲਗਾ ਕੇ ਮਧੁਰ ਸੰਗੀਤਕ ਧੁਨਾਂ ਛੇੜ ਦਿੱਤੀਆਂ ਜਾਂਦੀਆਂ ਹਨ। ਇਨ੍ਹਾਂ ਨੂੰ ਅੰਗਰੇਜ਼ੀ ਵਿਚ 'ਲਾਲਾ ਬਾਈ' ਕਿਹਾ ਜਾਂਦਾ ਹੈ।

## ਲੋਰੀਆਂ

ਅੱਲੜ-ਬੱਲੜ ਬਾਵੇ ਦਾ, ਬਾਵਾ ਕਣਕ ਲਿਆਵੇਗਾ।
ਬਾਵੀ ਬਹਿ ਕੇ ਛੱਟੇਗੀ, ਖਰਾਸੋਂ ਕਣਕ ਪਿਹਾਮਾਂਗੇ।
ਆਟਾ ਘਰ ਲਿਆਮਾਂਗੇ, ਬਾਵੀ ਮੰਨ ਪਕਾਵੇਗੀ।
ਬਾਵਾ ਬਹਿ ਕੇ ਖਾਵੇਗਾ, ਛੇਤੀ ਵੱਡਾ ਹੋਵੇਗਾ।
ਖੇਡੇਗਾ ਤੇ ਮੱਲ੍ਹੇਗਾ, ਸੁਹਣੀ ਵੌਟ੍ਹੀ ਲਿਆਵੇਗਾ।

ਅਲੱੜ ਬੱਲੜ ਬਾਵੇ ਦਾ, ਬਾਵਾ ਰੂੰ ਲਿਆਵੇਗਾ।
ਬਾਵੀ ਪੂਣੀਆਂ ਵੱਟੇਗੀ, ਬਹਿ ਕੇ ਸੂਤ ਉਣਾਂਮਣਗੇ।
ਸੁਹਣੇ ਕੱਪੜੇ ਪਾਮਣਗੇ, ਨਾਨਕਿਆਂ ਦੇ ਜਾਮਣਗੇ।

ਸੌਂ ਜਾ ਅੱਬੂ ਸੌਂ ਜਾ, ਲਾਲ ਪਲੰਘ ਤੇ ਸੌਂ ਜਾ।
ਸੁਹਣੇ ਕੱਪੜੇ ਪਾਮਾਂਗੇ, ਨਾਨਕਿਆਂ ਦੇ ਜਾਮਾਂਗੇ।
ਖੀਰ ਪੂੜੇ ਖਾਮਾਂਗੇ, ਮੋਟੇ ਹੋ ਕੇ ਆਮਾਂਗੇ।

ਸੌਂ ਜਾ ਕਾਕਾ ਤੂੰ, ਤੇਰੇ ਬੋਦੇ ਲੜ ਗਈ ਜੂੰ।
ਕੱਢਣ ਵਾਲੀਆਂ ਮਾਸੀਆਂ, ਕਢਾਉਣੇ ਵਾਲਾ ਤੂੰ।

ਕਾਕਾ ਆਇਆ ਖੇਲ੍ਹ ਕੇ, ਰੋਟੀ ਦੇਈਏ ਵੇਲ ਕੇ।
ਕਾਕਾ ਆਇਆ ਦੂਰੋਂ, ਮੰਨ ਪੱਕੇ ਤੰਦੂਰੋਂ।
ਕਾਕਾ ਆਇਆ ਵਾਂਢਿਓਂ, ਗੁੜ ਕੱਢੀਏ ਕੋਰੇ ਭਾਂਡਿਓਂ।

ਰਾਜੇ ਬੇਟੇ ਸੌਂ ਜਾ, ਲਾਲ ਪਲੰਘ ਤੇ ਸੌਂ ਜਾ।
ਮੰਮੀ ਡੈਡੀ ਆਉਣਗੇ, ਕਈ ਖਿਡੌਣੇ ਲਿਆਉਣਗੇ।
ਇਕ ਖਿਡੌਣਾ ਟੁੱਟ ਗਿਆ, ਰਾਜਾ ਬੇਟਾ ਰੁੱਸ ਗਿਆ,
ਇਕ ਖਿਡੌਣਾ ਹੋਰ ਲਿਆਓ, ਰਾਜੇ ਬੇਟੇ ਦੌੜ ਕੇ ਆਓ।

ਆਮਾਂ ਵੇ ਆਮਾਂ!
ਦੂਰ ਕੁੱਤਿਆ ਵੇ ਦੂਰ ਕਾਮਾਂ।
ਤੈਨੂੰ ਘਿਓ ਦੀ ਚੂਰੀ ਪਾਮਾਂ, ਤੇਰੀ ਸੋਨੇ ਚੁੰਝ ਮੜ੍ਹਾਮਾਂ।
ਅੱਬੂ ਦੀਆਂ ਦੂਰ ਬਲਾਮਾਂ, ਅੱਬੂ ਮੇਰਾ ਸੌਂ ਜਾਵੇ।
ਰਾਜਾ ਬੇਟਾ ਸੌਂ ਜਾਵੇ।

ਝੂਟੇ ਮਾਈਆਂ ਦੇ, ਕੰਨ ਖੜ੍ਹੇ ਭਰਾਈਆਂ ਦੇ।
ਮਾਈਏ ਬੁੱਢੀਏ! ਕਾਲੀ ਨ੍ਹੇਰੀ ਆਈ ਆ।
ਚਰਖਾ ਪੂਣੀ ਚੁੱਕ ਲਾ, ਕਾਕੇ ਨੂੰ ਵੀ ਚੁੱਕ ਲਾ।

ਲੈ ਲਾ ਲੋਰੀ! ਲੋਰੀ ਮੈਂ ਲਾਲ ਨੂੰ ਦੇਮਾਂ।

ਨੀ ਤੂੰ ਲੈ ਲਾ ਭੂਆ, ਤੈਨੂੰ ਤੇਵਰ ਸੂਹਾ।
ਲੋਰੀ ਮੈਂ ਲਾਲ ਨੂੰ ਦੇਮਾਂ।
ਨੀ ਤੂੰ ਲੈ ਲਾ ਮਾਸੀ,
ਤੈਨੂੰ ਖੜ੍ਹਨ ਮਰਾਸੀ। ਲੋਰੀ ਮੈਂ ਲਾਲ ਨੂੰ ਦੇਮਾਂ...

ਲਲਾ ਲਲਾ ਲੋਰੀ, ਦੂਧ ਕੀ ਕਟੋਰੀ।
ਦੂਧ ਮੇਂ ਪਤਾਸਾ, ਮੁੰਨਾ ਕਰੇ ਤਮਾਸ਼ਾ।

ਆਲਿਓਂ ਕੱਢਾਂ ਘਿਓ।
ਚੁੱਕ ਬਣਾਈਆਂ ਪਿੰਨੀਆਂ,
ਖਾਏ ਮੁੰਡੇ ਦਾ ਪਿਓ।

ਝੀਮ ਝੀਮ ਤਾਰਿਆ।
ਨਾਲੇ ਤੇਰੀ ਬੋਦੀ ਪੁੱਟੀ,
ਨਾਲੇ ਤੈਨੂੰ ਮਾਰਿਆ।

ਚੰਦਾ ਮਾਮਾ ਦੂਰ ਕੇ,
ਵੜੇ ਪਕਾਏ ਬੂਰ ਕੇ।
ਆਪ ਖਾਏ ਥਾਲੀ ਮੇਂ,
ਮੁਝੇ ਦੇ ਪਿਆਲੀ ਮੇਂ।

ਸੌਂ ਜਾ ਮੁੰਨਾ ਰਾਜਾ, ਹੇਠ ਘੋੜਾ ਤਾਜਾ।
ਸੋਨੇ ਦੀ ਪੌੜੀ, ਚਾਂਦੀ ਦਾ ਦਰਵਾਜ਼ਾ।

ਸੌਂ ਜਾ ਕਾਕਾ ਬੱਲੀ, ਤੇਰੀ ਮਾਂ ਵਜਾਵੇ ਟੱਲੀ।
ਤੇਰਾ ਪਿਓ ਵਜਾਵੇ ਛੈਣੇ, ਤੇਰੀ ਭੂਆ ਪਾਵੇ ਗ੍ਹੈਣੇ।
ਝੂਟੇ ਮਾਟੇ, ਝੂਟੇ ਮਾਟੇ, ਅੰਬ ਪੱਕੇ ਭਾਈਆਂ ਦੇ।
ਖੱਟੇ ਖੱਟੇ ਤੇਰੇ, ਮਿੱਠੇ ਮਿੱਠੇ ਮੇਰੇ।

ਚੰਦਾ ਮਾਮਾ ਡੋਰੀਆ, ਉੱਤੇ ਸ਼ਕਰ ਭੋਰੀਆ।
ਆਪ ਖਾਂਦਾ ਖੰਡ ਘਿਓ, ਸਾਨੂੰ ਦਿੰਦਾ ਗੁੜ ਆ।

ਚੰਦਾ ਮਾਮਾ ਡੋਰੀਆ, ਆਪ ਲੈਂਦਾ ਚਿੱਟੀ ਚਾਦਰ,
ਸਾਨੂੰ ਦਿੰਦਾ ਡੋਰੀਆ...

ਛੋਟਾ ਕਾਕਾ ਰਾਜਾ, ਹੇਠ ਘੋੜਾ ਤਾਜਾ।
ਕੌਲੀ ਭਰੀ ਖੀਰ ਦੀ, ਜੰਵ ਮੇਰੇ ਵੀਰ ਦੀ।

-ਨੀਲਮ ਸੈਣੀ








WHITE ROSE BUILDERS
We do not build houses, We create homes...
Proudly Celebrating
20 Years in Business
DREAMLINE
HOMES
Turning dreams into reality
- Free Design*
- New Homes
- Design & Build
- Sub Division
- Additions
- Alterations
- Renovations
- Residential
- Commercial
- Fixed Price Contract - On Time Completion - No Hidden Costs
LICENSED BUILDING PRACTITIONER
www.dbh.govt.nz
BUILDING CONFIDENCE
New Zealand Certified Builders Association
NZCB
20
Years of
Turning Dreams Into Reality
Halo
10 YEAR RESIDENTIAL GUARANTEE INSURANCE
138P, Plunket Ave, P O Box 76-879 Manukau-2241, New Zealand
+64 9 271 3162 +64 274 483 758 info@dreamline.co.nz www.dreamline.co.nz
100% NZ
OWNED & OPERATED